MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St.,Vancouver



ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 10 ISSUE : 50 SATURDAY, 10 DECEMBER, 2022
www.punjablinkpaper.com 604-503-5465



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


## ਬੀਸੀ ਰੀਅਲ ਅਸਟੇਟ

# ਨਵੰਬਰ ਵਿਚ 50 ਫ਼ੀਸਦੀ ਘਟੀ ਮਕਾਨਾਂ ਦੀ ਵਿਕਰੀ



ਵੈਨਕੂਵਰ-ਨਵੰਬਰ ਮਹੀਨੇ ਬੀਸੀ ਦੀ ਹਾਊਸਿੰਗ ਮਾਰਕੀਟ ਲਗਾਤਾਰ ਡਿਗੀ ਰਹੀ ਕਿਉਂਕਿ ਪਿਛਲੇ ਸਾਲ ਦੇ ਇਸੇ ਮਹੀਨੇ ਦੇ ਮੁਕਾਬਲੇ ਵਿਕਰੀ 50 ਫ਼ੀਸਦੀ ਘੱਟ ਰਹੀ ਹੈ। ਮਲਟੀਪਲ ਲਿਸਟਿੰਗ ਸਰਵਿਸ ਨੇ ਨਵੰਬਰ ਵਿਚ ਕੁਲ 4512 ਮਕਾਨਾਂ ਦੀ ਵਿਕਰੀ ਕੀਤੀ ਜਿਹੜੀ ਪਿਛਲੇ ਸਾਲ 9171 ਮਕਾਨਾਂ ਦੀ ਕੀਤੀ ਵਿਕਰੀ ਨਾਲੋਂ ਕਾਫੀ ਘੱਟ ਹੈ। ਉਂਜ ਸਰਦੀਆਂ ਦੇ ਮਹੀਨਿਆਂ ਵਿਚ ਵਿਕਰੀ ਆਮ ਤੌਰ 'ਤੇ ਘੱਟ ਰਹਿੰਦੀ ਹੈ ਅਤੇ ਅੰਕੜਾ ਮਹੀਨੇ ਲਈ ਇਤਿਹਾਸਕ ਔਸਤ ਤੋਂ 30 ਫ਼ੀਸਦੀ ਘੱਟ ਹੈ। ਬੀਸੀ ਰੀਅਲ ਅਸਟੇਟ ਐਸੋਸੀਏਸਨ ਦੇ ਮੁੱਖ ਅਰਥਸ਼ਾਸਤਰੀ ਬਰੇਂਡਨ ਓਗਮੰਡਸਨ ਨੇ ਕਿਹਾ ਕਿ ਰੈਜ਼ੀਡੈਂਸ਼ਲ ਮਾਰਕੀਟ ਸਰਗਰਮੀ ਵਿਚ ਮੰਦੀ ਇਕ ਬਦਲੇ ਹੋਏ 2022 ਦੀ ਝਲਕ ਪੇਸ਼ ਕਰਦੀ ਹੈ। ਉਨ੍ਹਾਂ ਇਕ ਬਿਆਨ ਵਿਚ ਦੱਸਿਆ ਕਿ ਪਿਛਲੇ ਸਾਲ ਇਸ ਸਮੇਂ ਮਕਾਨਾਂ ਦੀ ਵਿਕਰੀ ਰਿਕਾਰਡ ਪੱਧਰ 'ਤੇ ਹੋਈ ਸੀ, ਘਰਾਂ ਦੀਆਂ ਕੀਮਤਾਂ ਵਿਚ ਤੇਜ਼ੀ ਆਈ ਅਤੇ ਮੌਰਟਗੇਜ ਦਰਾਂ ਮੌਜੂਦਾ ਪੱਧਰ ਤੋਂ ਅੱਧੇ ਤੋਂ ਵੀ ਘੱਟ ਸਨ। ਬੀਸੀ ਵਿਚ ਮਕਾਨਾਂ ਦੀਆਂ ਕੀਮਤਾਂ ਕਾਫੀ ਘਟੀਆਂ ਹਨ ਅਤੇ ਕਈ ਖੇਤਰਾਂ ਵਿਚ ਦੋਹਰੇ ਅੰਕਾਂ ਵਿਚ ਕੀਮਤ ਘਟੀ ਹੈ। ਫ੍ਰੇਜ਼ਰ ਵੈਲੀ ਵਿਚ ਕੀਮਤ 17 ਫ਼ੀਸਦੀ ਘਟੀ ਹੈ। ਨਵੰਬਰ ਵਿਚ ਔਸਤ ਕੀਮਤਾਂ 915000 ਡਾਲਰ ਰਹੀ ਜਿਹੜੀ ਪਿਛਲੇ ਸਾਲ 11 ਲੱਖ ਡਾਲਰ ਦੀ ਕੀਮਤ ਨਾਲੋਂ ਘੱਟ ਹੈ। ਇਸੇ ਤਰ੍ਹਾਂ ਚਿਲੀਵੈਕ ਵਿਚ ਕੀਮਤਾਂ ਲਗਪਗ 19 ਫ਼ੀਸਦੀ ਘਟ ਕੇ 649000 ਡਾਲਰ ਰਹਿ ਗਈਆਂ।

# ਸ਼ੈਲਟਰਾਂ ਵਿਚ ਰਹਿਣ ਵਾਲੇ ਲੋਕਾਂ ਲਈ ਵੈਨਕੂਵਰ ਵਿਚ 90 ਨਵੇਂ ਮੌਡਿਊਲਰ ਘਰ ਬਣਾਏ ਜਾਣਗੇ

ਵਿਕਟੋਰੀਆ-24 ਘੰਟੇ ਦੀ ਸਹਾਇਤਾ ਨਾਲ ਬੀਸੀ ਹਾਊਸਿੰਗ 1500 ਮੇਨ ਸਟਰੀਟ ਅਤੇ 2132 ਐਸ਼ ਸਟਰੀਟ ਵਿਖੇ ਦੋ ਟਰਾਂਜ਼ੀਸ਼ਨਲ ਹਾਊਸਿੰਗ ਪ੍ਰਾਜੈਕਟਾਂ ਦੀ ਉਸਾਰੀ ਕਰੇਗਾ। ਸਮਾਜਿਕ ਵਿਗਾੜ ਅਤੇ ਡਾਊਨਟਾਊਨ ਈਸਟਸਾਈਡ ਵਿਚ ਅਪਰਾਧ ਨੂੰ ਹੱਲ ਕਰਨ ਦੇ ਭਾਰੀ ਦਬਾਅ ਦਾ ਸਾਹਮਣਾ ਕਰ ਰਹੇ ਬੀਸੀ ਦੇ ਪ੍ਰੀਮੀਅਰ ਡੇਵਿਡ ਏਬੀ ਅਤੇ ਵੈਨਕੂਵਰ ਦੇ ਮੇਅਰ ਕੇਨ ਸਿਮ ਨੇ 90 ਨਵੇਂ ਮੌਡਿਊਲਰ ਘਰ ਬਣਾਉਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਸ਼ੈਲਟਰਾਂ ਅਤੇ ਸੜਕਾਂ 'ਤੇ ਰਹਿਣ ਵਾਲੇ ਲੋਕਾਂ ਦੀ ਮਦਦ ਕਰਨਗੇ। ਸ਼ੈਲਟਰਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਵਰਕ-ਕੈਂਪ ਸ਼ੈਲੀ ਦੇ ਯੂਨਿਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ ਅਤੇ ਜਿਹੜੀਆਂ ਹੇਸਟਿੰਗਸ ਸਟਰੀਟ ਅਤੇ ਕਰੈਬ ਪਾਰਕ ਦੇ ਨਾਲ ਨਾਲ ਰਹਿੰਦੇ ਕੈਂਪਾਂ ਵਿਚ ਰਹਿੰਦੇ ਲੋਕਾਂ ਲਈ ਮੁਫਤ ਥਾਵਾਂ ਹੋਣਗੀਆਂ। ਨਿਊ ਮੋਡਿਊਲਰ ਇਮਾਰਤਾਂ ਵਿਚੋਂ ਇਕ ਇਮਾਰਤ ਦੀ ਥਾਂ ਦੇ ਨੇੜੇ ਮੁੱਖ ਸੜਕ 'ਤੇ ਇਕ ਪ੍ਰੈਸ ਕਾਨਫਰੰਸ ਵਿਚ ਏਬੀ ਨੇ ਦੱਸਿਆ ਕਿ ਕਰੈਬ ਪਾਰਕ ਹੇਸਟਿੰਗਸ ਸਟਰੀਟ ਵਿਚ ਸਾਰਿਆਂ ਨੂੰ ਦੱਸਿਆ ਜਾਣਾ ਚਾਹੀਦਾ ਹੈ ਕਿ ਤੁਰੰਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਸ਼ਹਿਰ ਵਿਚ ਮੌਜੂਦਾ ਸਮੇਂ ਵੱਖ ਵੱਖ ਕੈਂਪਾਂ ਵਿਚ ਲਗਪਗ 475 ਵਿਅਕਤੀ ਰਹਿ ਰਹੇ ਹਨ। ਦੋਵੇਂ ਸਿੰਗਲ ਮੰਜ਼ਿਲਾ ਇਮਾਰਤਾਂ ਦਾ ਵੈਨਕੂਵਰ ਸ਼ਹਿਰ ਤੇਜ਼ੀ ਨਾਲ ਵਿਕਾਸ ਕਰਨ ਦੀ ਇਜਾਜ਼ਤ ਦੇਵੇਗਾ ਅਤੇ ਇਨ੍ਹਾਂ ਨੂੰ ਮਾਰਚ ਵਿਚ ਖੋਲ੍ਹੇ ਜਾਣ ਦਾ ਪ੍ਰੋਗਰਾਮ ਹੈ। ਸੂਬਾ ਪ੍ਰਾਜੈਕਟ



'ਤੇ 6.9 ਮਿਲੀਅਨ ਡਾਲਰ ਖਰਚ ਕਰੇਗਾ ਅਤੇ ਵੈਨਕੂਵਰ ਸ਼ਹਿਰ ਇਨ੍ਹਾਂ ਪ੍ਰਾਜੈਕਟਾਂ ਲਈ ਜ਼ਮੀਨ ਮੁਹੱਈਆ ਕਰੇਗਾ। ਮਕਾਨ ਉਸਾਰੀ ਮੰਤਰੀ ਰਵੀ ਕਾਹਲੋਂ ਨੇ ਦੱਸਿਆ ਕਿ ਸਹਾਇਤਾ ਵਿਚ ਸਭਿਆਚਾਰਕ ਤੌਰ 'ਤੇ ਢੁਕਵੀਆਂ ਸੇਵਾਵਾਂ, ਮਾਨਸਿਕ ਸਿਹਤ ਅਤੇ ਨਸ਼ਾ ਮੁਕਤੀ ਸੇਵਾਵਾਂ ਅਤੇ ਮੁੱਢਲੀ ਦੇਖਭਾਲ ਤਕ ਪਹੁੰਚ ਸ਼ਾਮਿਲ ਹੋਵੇਗੀ।


For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਬੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900

Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਓ
Lakhvir Singh Grewal: 778-881-0002

S T & A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**"We have offices in Vancouver and Surrey/Delta."**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100



PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 50 SATURDAY, 10 DECEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play
ਤਿੰਨ ਰੰਗ
7pm to 10pm
B.C. Time
Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com



# ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਤਫਤੀਸ਼ ਕਰਨ ਵਾਲੇ 13 ਪੁਲਿਸ ਅਧਿਕਾਰੀਆਂ ਦੀ ਸੁਰੱਖਿਆ ਵਿਚ ਵਾਧਾ

## ਕੈਨੇਡਾ ਤੋਂ ਗੈਂਗਸਟਰ ਲੰਡਾ ਵਲੋਂ ਦਿੱਤੀਆਂ ਜਾ ਰਹੀਆਂ ਹਨ ਧਮਕੀਆਂ

ਚੰਡੀਗੜ੍ਹ-ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਕਤਲ ਕੇਸ ਦੀ ਤਫ਼ਤੀਸ਼ ਵਿੱਚ ਸ਼ਾਮਲ 13 ਪੁਲੀਸ ਅਧਿਕਾਰੀਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਇਨ੍ਹਾਂ ਵਿਚੋਂ ਤਿੰਨ ਨੂੰ 'ਵਾਈ' ਜਦੋਂਕਿ 9 ਜਣਿਆਂ ਨੂੰ 'ਐੱਕਸ' ਵਰਗ ਦੀ ਸੁਰੱਖਿਆ ਮੁਹੱਈਆ ਕੀਤੀ ਗਈ ਹੈ। ਅਧਿਕਾਰਤ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਪੁਲੀਸ ਅਧਿਕਾਰੀਆਂ ਨੂੰ ਕੈਨੇਡਾ ਅਧਾਰਿਤ ਗੈਂਗਸਟਰ ਲਖਬੀਰ ਸਿੰਘ ਲੰਡਾ ਵੱਲੋਂ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ। ਇਹ 13 ਪੁਲੀਸ ਅਧਿਕਾਰੀ ਦਿੱਲੀ ਪੁਲੀਸ ਨਾਲ ਸਬੰਧਤ ਹਨ। ਸੂਤਰਾਂ ਮੁਤਾਬਕ ਇਨ੍ਹਾਂ ਅਧਿਕਾਰੀਆਂ ਨੂੰ 24 ਘੰਟੇ ਸੁਰੱਖਿਆ ਮੁਹੱਈਆ ਕਰਵਾਉਣ ਦੇ ਨਾਲ ਇਨ੍ਹਾਂ ਦੀ ਦਿੱਲੀ ਵਿਚਲੀਆਂ ਰਿਹਾਇਸ਼ਾਂ ਦੇ ਬਾਹਰ ਸਖ਼ਤ ਚੌਕਸੀ ਰੱਖੀ ਜਾਵੇਗੀ। ਸਿੱਧੂ ਮੂਸੇਵਾਲਾ ਦਾ ਇਸ ਸਾਲ 29 ਮਈ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਵਿੱਚ ਕਤਲ ਕਰ ਦਿੱਤਾ ਗਿਆ ਸੀ। ਦਿੱਲੀ ਦੇ ਪੁਲੀਸ ਕਮਿਸ਼ਨਰ ਸੰਜੈ ਅਰੋੜਾ ਵੱਲੋਂ ਜਾਰੀ ਹੁਕਮਾਂ ਮਗਰੋਂ ਸਪੈਸ਼ਲ ਕਮਿਸ਼ਨਰ ਆਫ਼ ਪੁਲੀਸ (ਵਿਸ਼ੇਸ਼ ਸੈੱਲ) ਐੱਚ. ਜੀ. ਐੱਸ. ਧਾਲੀਵਾਲ, ਡੀਸੀਪੀ ਰਾਜੀਵ ਰੰਜਨ ਤੇ ਡੀਸੀਪੀ (ਵਿਸ਼ੇਸ਼ ਸੈੱਲ) ਮਾਨਿਸ਼ੀ ਚੰਦਰ ਲਈ 'ਵਾਈ' ਸ਼੍ਰੇਣੀ ਦੀ ਸੁਰੱਖਿਆ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਸੁਰੱਖਿਆ ਵਧਾਉਣ ਦਾ ਫੈਸਲਾ ਕੈਨੇਡਾ ਬੈਠੇ ਗੈਂਗਸਟਰ ਲਖਬੀਰ ਸਿੰਘ ਲੰਡਾ ਵੱਲੋਂ ਦਿੱਤੀਆਂ ਧਮਕੀਆਂ ਦੀ ਵਿਆਪਕ ਸਮੀਖਿਆ ਮਗਰੋਂ ਲਿਆ ਗਿਆ ਹੈ। ਲੰਡਾ ਨੇ ਸੋਸ਼ਲ ਮੀਡੀਆ ਪੋਸਟ ਜ਼ਰੀਏ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਦੇ ਅਧਿਕਾਰੀਆਂ ਨੂੰ ਧਮਕਾਉਂਦੇ ਹੋਏ ਦਾਅਵਾ ਕੀਤਾ ਸੀ ਕਿ ਉਸ ਕੋਲ (ਇਨ੍ਹਾਂ) ਸਾਰੇ ਅਧਿਕਾਰੀਆਂ ਦੀਆਂ ਤਸਵੀਰਾਂ ਹਨ ਤੇ ਜੇਕਰ ਉਹ ਆਪਣੀ ਗਲੀ ਵਿੱਚ ਘੁੰਮਦੇ ਨਜ਼ਰ ਆਏ ਤਾਂ ਚੰਗਾ ਨਹੀਂ ਹੋਵੇਗਾ। ਸੂਤਰਾਂ ਨੇ ਕਿਹਾ ਕਿ ਚਾਰ ਏਸੀਪੀ'ਜ਼ ਤੇ ਪੰਜ ਇੰਸਪੈਕਟਰਾਂ ਨੂੰ 'ਐਕਸ' ਸ਼੍ਰੇਣੀ ਦੀ ਸੁਰੱਖਿਆ ਮੁਹੱਈਆ ਕਰਨ ਤੋਂ ਇਲਾਵਾ ਹਥਿਆਰਬੰਦ ਪੁਲੀਸ ਕਮਾਂਡੋ 24 ਘੰਟੇ ਉਨ੍ਹਾਂ ਨਾਲ ਤਾਇਨਾਤ ਰਹਿਣਗੇ।



# ਬਰੈਂਪਟਨ ਵਿਚ ਕਤਲ ਹੋਈ ਮੁਟਿਆਰ ਦਾ ਉਸਦੇ ਪਿੰਡ ਕੁਲਾਹੜ ਵਿਚ ਸੇਜਲ ਅੱਖਾਂ ਨਾਲ ਸਸਕਾਰ

ਮੰਡੀ ਅਹਿਮਦਗੜ੍ਹ-ਕੈਨੇਡਾ ਦੇ ਬਰੈਂਪਟਨ ਵਿਚ ਬੀਤੇ ਦਿਨੀਂ ਅਣਪਛਾਤੇ ਵਿਅਕਤੀ ਨੇ ਗੋਲੀਆਂ ਮਾਰ ਕੇ ਪਵਨਪ੍ਰੀਤ ਕੌਰ ਦੀ ਹੱਤਿਆ ਕਰ ਦਿੱਤੀ ਸੀ। ਉਸ ਦੀ ਮ੍ਰਿਤਕ ਦੇਹ ਅੱਜ ਉਸ ਦੇ ਜੱਦੀ ਪਿੰਡ ਕੁਲਾਹੜ ਜ਼ਿਲ੍ਹਾ (ਲੁਧਿਆਣਾ) ਪੁੱਜੀ ਜਿਸ ਦਾ ਸੈਂਕੜੇ ਨਮ ਅੱਖਾਂ ਨਾਲ ਸਸਕਾਰ ਕੀਤਾ ਗਿਆ। ਸਰਪੰਚ ਗੁਰਦੀਪ ਸਿੰਘ ਕੁਲਾਹੜ ਨੇ ਦੱਸਿਆ ਕਿ ਪਵਨਪ੍ਰੀਤ ਕੌਰ ਪੁੱਤਰੀ ਦਵਿੰਦਰ ਸਿੰਘ ਕਰੀਬ ਚਾਰ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਦੇ ਟੋਰਾਂਟੋ ਸ਼ਹਿਰ ਗਈ ਸੀ ਜੋ ਪੜ੍ਹਾਈ ਮੁਕੰਮਲ ਕਰਨ ਉਪਰੰਤ ਵਰਕ ਪਰਮਿਟ 'ਤੇ ਬਰੈਂਪਟਨ ਦੇ ਇਕ ਗੈਸ ਸਟੇਸ਼ਨ 'ਤੇ ਕੰਮ ਕਰਦੀ ਸੀ, ਜਿੱਥੇ ਇੱਕ ਸਾਈਕਲ ਸਵਾਰ ਵਿਅਕਤੀ ਨੇ ਉਸ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਹਲਕਾ ਪਾਇਲ ਦੇ ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਵਿਦੇਸ਼ ਮੰਤਰਾਲੇ ਰਾਹੀਂ ਕੈਨੇਡਾ ਸਰਕਾਰ ਤੋਂ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿਵਾਉਣ ਦੀ ਮੰਗ ਕੀਤੀ ਹੈ। ਪਵਨਪ੍ਰੀਤ ਕੌਰ ਦੇ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਧਰਵਾਸ ਤਾਂ ਹੈ ਕਿ ਅੱਜ ਉਸ ਦਾ ਸਸਕਾਰ ਆਪਣੇ ਹੱਥੀਂ ਕਰ ਲਿਆ ਪਰ ਉਨ੍ਹਾਂ ਨੂੰ ਸਕੂਨ ਤਾਂ ਹੀ ਮਿਲੇਗਾ ਜਦੋਂ ਉਸ ਦੇ ਕਾਤਲ ਨੂੰ ਵੀ ਇਸ (ਬਾਕੀ ਸਫ਼ਾ 8 'ਤੇ)



GOLDMINE INSURANCE
A MEMBER OF ALL CANADIAN INSURANCE
Home, Business, Auto autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca



ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000



WE NOW OFFER OVER 40 PROGRAMS
StudentAid

| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
|---|---|---|---|
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey



HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)



• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca



# ਕੈਨੇਡਾ ਦੀ ਆਰਥਿਕ ਹਾਲਤ ਬਹੁਤ ਜ਼ਿਆਦਾ ਖਰਾਬ-ਜਸਰਾਜ ਹੱਲਣ



ਓਟਵਾ-ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਣ ਨੇ ਹਾਊਸ ਆਫ ਕਾਮਨਜ਼ ਵਿਚ ਸਪੀਕਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਛੁੱਟੀਆਂ ਦਾ ਮੌਸਮ ਬਹੁਤ ਘੱਟ ਰੌਣਕ ਵਾਲਾ ਹੋਵੇਗਾ ਕਿਉਂਕਿ ਕੈਨੇਡਾ ਵਿਚ ਸਭ ਕੁਝ ਤਹਿਸ ਨਹਿਸ ਹੋਇਆ ਲਗਦਾ ਹੈ। ਅੱਧੇ ਕੈਨੇਡੀਅਨ ਆਪਣੀ ਰੋਟੀ ਬਾਰੇ ਚਿੰਤਤ ਹਨ ਕਿਉਂਕਿ ਲਿਬਰਲਜ਼ ਲਾਪਰਵਾਹੀ ਨਾਲ ਖਰਚੇ ਕਰ ਰਹੇ ਹਨ। ਇਕ ਤਿਹਾਈ ਕੈਨੇਡੀਅਨ ਘਰਾਂ ਦਾ ਖਰਚਾ ਨਹੀਂ ਸਹਿਨ ਕਰ ਸਕਦੇ ਕਿਉਂਕਿ ਲਿਬਰਲਜ਼ ਦਾ ਖਰਚ ਕੰਟਰੋਲ ਤੋਂ ਬਾਹਰ ਹੋਣ ਕਰਕੇ ਬੈਂਕ ਆਫ ਕੈਨੇਡਾ ਨੂੰ ਇਸ ਸਾਲ ਦੇ ਲਗਾਤਾਰ ਸੱਤਵੇਂ ਮਹੀਨੇ ਆਪਣੀਆਂ ਵਿਆਜ ਦਰਾਂ ਵਧਾਉਣੀਆਂ ਪਈਆਂ ਹਨ। ਇਕ ਚੌਥਾਈ ਕੈਨੇਡੀਅਨਾਂ ਨੂੰ ਚੈਰਿਟੀ ਸੇਵਾਵਾਂ ਤਕ ਪਹੁੰਚ ਦੀ ਲੋੜ ਹੈ। ਲਿਬਰਲਜ਼ ਇਸ ਦਾ ਹੱਲ ਕੈਨੇਡੀਅਨਾਂ 'ਤੇ ਹੋਰ ਟੈਕਸ ਲਗਾ ਕੇ ਕਰ ਰਹੇ ਹਨ। ਹੱਲਣ ਨੇ ਕਿਹਾ ਕਿ ਲਾਪਰਵਾਹੀ ਵਾਲੇ ਲਿਬਰਲ ਖਰਚ ਤੋਂ ਕੇਵਲ ਲਿਬਰਲਜ਼ ਇਨਸਾਈਡਰਾਂ ਨੂੰ ਲਾਭ ਹੋ ਰਿਹਾ ਹੈ।

# ਗੁਰਚਰਨ ਸਿੰਘ ਗਰੇਵਾਲ ਦਾ ਦੇਹਾਂਤ-ਸਸਕਾਰ 21 ਦਸੰਬਰ ਨੂੰ



ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਤੀ/ਪਿਤਾ/ਦਾਦਾ/ਨਾਨਾ **ਸ: ਗੁਰਚਰਨ ਸਿੰਘ ਗਰੇਵਾਲ** ਜਿਨ੍ਹਾਂ ਦਾ ਜਨਮ 12 ਮਾਰਚ, 1957 ਨੂੰ ਨੈਨਹੇੜੀ (ਹਰਿਆਣਾ) ਵਿਚ ਹੋਇਆ ਸੀ, ਆਪਣੀ 66 ਸਾਲ ਦੀ ਉਮਰ ਭੋਗ 12 ਦਸੰਬਰ, 2022 ਦਿਨ ਸੋਮਵਾਰ ਨੂੰ ਆਪਣੇ ਹੀ ਘਰ ਵਿਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਸ. ਗੁਰਚਰਨ ਸਿੰਘ ਗਰੇਵਾਲ ਆਪਣੇ ਪਿੱਛੇ ਪਤਨੀ ਭੁਪਿੰਦਰ ਕੌਰ ਗਰੇਵਾਲ, ਤਿੰਨ ਬੱਚੇ, ਪੰਜ ਦੋਹਤੇ/ਦੋਹਤੀਆਂ/ਪੋਤੇ/ਪੋਤੀਆਂ ਅਤੇ ਤਿੰਨ ਭੈਣ/ਭਰਾ ਛੱਡ ਗਏ ਹਨ।

**ਸ: ਗੁਰਚਰਨ ਸਿੰਘ ਗਰੇਵਾਲ ਹੁਰਾਂ ਦਾ ਅੰਤਿਮ ਸਸਕਾਰ 21 ਦਸੰਬਰ, 2022 ਦਿਨ ਬੁੱਧਵਾਰ ਨੂੰ ਫਰੇਜ਼ਰ ਰਿਵਰ ਫਿਊਨਰਲ ਹੋਮ, ਐਬਟਸਫੋਰਡ ਵਿਖੇ ਸਵੇਰੇ 11:30 ਵਜੇ ਹੋਵੇਗਾ ਅਤੇ ਅੰਤਿਮ ਅਰਦਾਸ ਦੁਪਹਿਰ 1:00 ਵਜੇ ਕਲਗੀਧਰ ਦਰਬਾਰ ਸਾਹਿਬ, ਐਬਟਸਫੋਰਡ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਫ਼ੋਨ ਨੰ: 778-840-1588 'ਤੇ ਸੰਪਰਕ ਕਰ ਸਕਦੇ ਹੋ।**



# ਗਰੇਟਵੇਅ ਫਾਇਨੈਂਸ਼ਲ ਦੇ ਕੰਵਲਜੀਤ ਮੋਤੀ ਵੱਲੋਂ ਵਧੀਆ ਕਾਰਗੁਜ਼ਾਰੀ ਵਾਲੇ ਅਡਵਾਈਜ਼ਰਾਂ ਦਾ ਸਨਮਾਨ

ਸਰੀ (ਹਰਦਮ ਮਾਨ)-ਗਰੇਟਵੇਅ ਫਾਇਨੈਂਸ਼ਲ ਸਰੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਕੰਵਲਜੀਤ ਮੋਤੀ ਵੱਲੋਂ ਸਾਲ 2022 ਵਿਚ ਬਿਹਤਰ ਕਾਰਗੁਜ਼ਾਰੀ ਦਿਖਾਉਣ ਵਾਲੇ ਟੀਮ ਮੈਂਬਰਾਂ ਨੂੰ ਉਤਸ਼ਾਹਿਤ ਕਰਨ ਹਿਤ ਵਿਸ਼ੇਸ਼ ਪਾਰਟੀ ਕੀਤੀ ਗਈ। ਇਸ ਮੌਕੇ ਉਨ੍ਹਾਂ ਸਾਰੇ ਇੰਸ਼ੋਰੈਂਸ ਅਡਵਾਈਜ਼ਰਾਂ ਨੂੰ ਪੌਜ਼ੇਟਿਵ ਸੋਚ ਦੇ ਧਾਰਨੀ ਹੋਣ ਲਈ ਪ੍ਰੇਰਿਤ ਕੀਤਾ ਅਤੇ ਆ ਰਹੇ ਦਿਨਾਂ ਵਿਚ ਲੋਕਾਂ ਵੱਲੋਂ ਖਰੀਦੀ ਜਾਣ ਵਾਲੀ RRSP ਬਾਰੇ ਕੁਝ ਖਾਸ ਨੁਕਤੇ ਸਾਂਝੇ ਕੀਤੇ। ਉਨ੍ਹਾਂ ਗਰੇਟਵੇਅ ਫਾਇਨੈਂਸ਼ਲ ਵੱਲੋਂ ਸਾਲ 2023 ਵਿਚ ਕੀਤੀਆਂ ਜਾ ਰਹੀਆਂ ਅਹਿਮ ਤਬਦੀਲੀਆਂ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ ਸਾਲ ਭਰ ਦੌਰਾਨ ਬਿਹਤਰ ਕਾਰਗੁਜ਼ਾਰੀ ਲਈ ਹਰਮਿੰਦਰ ਰੀਹਲ, ਮਨਦੀਪ ਖੁਰਾਣਾ, ਸੰਜੀਵ ਮਹਾਜਨ, ਚਾਂਦਨੀ ਮੋਤੀ, ਅਰਾਧਨਾ, ਹਰਦਮ ਮਾਨ, ਵਿਨੇ ਸ਼ਰਮਾ, ਸੀਮਾ ਰਾਠੌਰ, ਦਵਿੰਦਰ ਕਾਲੀਆ, ਜਸਕਰਨ ਸਿੰਘ ਨੂੰ ਵਿਸ਼ੇਸ਼ ਇਨਾਮ ਦਿੱਤੇ ਗਏ ਅਤੇ ਸਾਰੇ ਹਾਜ਼ਰ ਮੈਂਬਰਾਂ ਨੂੰ ਕ੍ਰਿਸਮਿਸ ਦੀ ਵਧਾਈ ਦਿੰਦਿਆਂ ਤੋਹਫੇ ਦਿੱਤੇ ਗਏ। ਪਾਰਟੀ ਦੇ ਅਖੀਰ ਵਿਚ ਸਭ ਨੇ ਰਾਤਰੀ ਭੋਜ ਦਾ ਆਨੰਦ ਮਾਣਿਆ।

# ਆਰਸੀਐਮਪੀ ਵਲੋਂ ਮੇਲ ਰਾਹੀਂ ਮਾਰਿਜੁਆਨਾ ਦੀ ਵਿਕਰੀ ਕਰਨ ਤੇ ਮਨੀਲਾਂਡਰਿੰਗ ਦਾ ਪਰਦਾਫਾਸ਼

ਵਿਕਟੋਰੀਆ-ਬੀਸੀ ਆਰਸੀਐਮਪੀ ਦੇ ਸੰਗਠਿਤ ਅਤੇ ਵਿੱਤੀ ਅਪਰਾਧ ਦਸਤੇ ਨੇ ਸਰੀ ਤੇ ਵਾਈਟ ਰੌਕ ਵਿਚ ਕੁਝ ਘਰਾਂ ਵਿਚ ਛਾਪੇ ਮਾਰੇ ਕੇ ਮੇਲ ਰਾਹੀਂ ਗੈਰਕਾਨੂੰਨੀ ਤੌਰ 'ਤੇ ਮਾਰਿਜੁਆਨਾ ਦੀ ਵਿਕਰੀ ਕਰਨ ਅਤੇ ਕਈ ਕੰਪਨੀਆਂ ਤੇ ਬੈਂਕ ਖਾਤਿਆਂ ਰਾਹੀਂ ਅਪਰਾਧ ਦੀ ਲੱਖਾਂ ਡਾਲਰਾਂ ਦੀ ਕਮਾਈ ਦੀ ਮਨੀਲਾਂਡਰਿੰਗ ਕਰਨ ਦੇ ਸ਼ੱਕ ਵਿਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੂੰ ਇਹ ਪਤਾ ਲੱਗਣ ਕਿ ਡਾਕ ਰਾਹੀਂ ਨਸ਼ੀਲੇ ਪਦਾਰਥ ਵੰਡਣ ਦਾ ਆਨਲਾਈਨ ਕੈਨਾਬਿਸ ਕਾਰੋਬਾਰ ਚੱਲ ਰਿਹਾ ਹੈ ਪਿੱਛੋਂ 2019 ਦੇ ਸ਼ੁਰੂ ਵਿਚ ਯੂਨਿਟ ਨੇ ਜਾਂਚ ਸ਼ੁਰੂ ਕੀਤੀ ਸੀ। ਆਰਸੀਐਮਪੀ ਦੇ ਬੁਲਾਰੇ ਕਾਰਪੋਰਲ ਅਰਸ਼ਸਈਦ ਨੇ ਦੱਸਿਆ ਕਿ ਜਾਂਚ ਅਧਿਕਾਰੀ ਰੀਅਲ ਅਸਟੇਟ, ਮਹਿੰਗੀਆਂ ਗੱਡੀਆਂ ਅਤੇ ਲਗਜ਼ਰੀ ਸਮਾਨ ਪ੍ਰਾਪਤ ਕਰਨ ਲਈ ਵਰਤੇ ਜਾਂਦੇ ਬੈਂਕ ਖਾਤਿਆਂ ਦਾ ਪਤਾ ਲਾਉਣ ਵਿਚ ਸਫਲ ਰਹੇ। ਪੁਲਿਸ 30 ਨਵੰਬਰ ਨੂੰ ਪ੍ਰਾਪਰਟੀਜ਼ ਦੀ ਤਲਾਸ਼ੀ ਦੌਰਾਨ ਮੁੱਖ ਵਾਪਰਕ ਡਰੱਗ ਵਾਲੀ ਥਾਂ ਲੱਭਣ ਵਿਚ ਸਫਲ ਰਹੀ ਜਿਹੜੀ ਐਲੀਮੈਂਟਰੀ ਸਕੂਲ ਕੋਲ ਕਈ ਰਿਹਾਇਸ਼ੀ ਬਲਾਕਾਂ ਵਿਚ ਇਕ ਕਿਰਾਏ ਦੇ ਘਰ ਵਿਚ ਲਕੋਈ ਹੋਈ ਸੀ। ਛਾਪੇ ਦੌਰਾਨ 200000 ਡਾਲਰ ਨਕਦ ਤੇ ਸੋਨੇ ਦੀਆਂ ਛੜਾਂ, ਕ੍ਰਿਪਟੋਕਰੰਸੀ, ਲਗਜ਼ਰੀ ਮੋਟਰ ਗੱਡੀਆਂ ਜਿਨ੍ਹਾਂ ਵਿਚ ਮੈਕਲਾਰਨ ਸੁਪਰਕਾਰ ਅਤੇ ਦੂਸਰੀਆਂ ਵਸਤਾਂ ਸ਼ਾਮਿਲ ਹਨ, ਮਾਰਿਜੁਆਨਾ, ਪੈਕਿੰਗ, ਪ੍ਰਚਾਰ ਸਮੱਗਰੀ, ਕਾਰੋਬਾਰੀ ਦਸਤਾਵੇਜ਼, ਸ਼ਿਪਿੰਗ ਸਮੱਗਰੀ ਤੇ ਕੰਪਿਊਟਰ ਜ਼ਬਤ ਕੀਤੇ ਗਏ। ਅਪਰਾਧ ਦੀ ਕਮਾਈ ਦੀ ਕੀਮਤ ਅਨੁਮਾਨਤ ਇਕ ਕਰੋੜ 40 ਲੱਖ ਡਾਲਰ ਹੈ। ਯੂਨਿਟ ਦੇ ਅਫਸਰ ਇੰਚਾਰਜ ਡੇਵਿਡ ਗਰੇਅ ਨੇ ਦੱਸਿਆ ਕਿ ਮਨੀ ਲਾਂਡਰਿੰਗ ਸਰਗਰਮੀ ਦਾ ਪਿੱਛਾ ਕਰਨਾ ਉਸ ਦੀ ਬਹੁਤ ਜ਼ਿਆਦਾ ਜਟਲਤਾ ਕਾਰਨ ਬਹੁਤ ਚੁਣੌਤੀਪੂਰਨ ਹੋ ਸਕਦਾ ਹੈ।


JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan
BBB ACCREDITED BUSINESS
An Independent Insurance Broker

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



HOUSE INSURANCE UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
• ਪਹਿਲੀ ਵਾਰ ਘਰ ਖ਼ੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Ask for Special Rate for Super Visa Insurance
Money Back upon Visa Declined
Wawanesa Insurance
Call Us Before You Renew / Buy Any Insurance Lien & Accident Search Available



MORTGAGE

| 5 YRS. VARIABLE – 25 YRS. INSURED | 5 YRS. VARIABLE – 25 YRS. INSURABLE | 5 YRS. VARIABLE – 30 YRS. PURCHASE |
|---|---|---|
| 5.05%* | 5.45%* | 5.50%* |
| (Prime –.90%) | (Prime –.50%) | (Prime –.45%) |

*Conditions Apply. Rates subject to change without notice.
*Interest Rates are Rising!*
*TO LOCK OR NOT TO LOCK*
*ask for our expert guidance?*
GET CASH BACK UP TO $1,000*



RAJ GILL, AMP
604 564 1000
VANCOUVER
Unit 200-6330 Fraser St @47 Ave & Fraser St
Our Symbol of Care & Service
Superior Mortgage
The Banking Alternative
*Some conditions apply.



SHARNJIT GILL, AMP
604 507 1000
SURREY
Unit 244 8138 128 St
www.quickapproval.ca

## 2023 'ਚ ਤਨਖਾਹ ਫ੍ਰੀਜ਼ ਕਰਨ ਲਈ ਬੀ.ਸੀ. ਦੇ ਐਮਐਲਏਜ਼ ਵਲੋਂ ਸਰਬਸੰਮਤੀ ਨਾਲ ਮਤਾ ਪਾਸ

ਵਿਕਟੋਰੀਆ-ਇਕ ਵਿਲੱਖਣ ਸੰਯੁਕਤ ਮੋਰਚੇ ਵਿਚ ਬੀਸੀ ਦੇ ਸਾਰੇ ਐਮਐਲਏਜ਼ ਨੇ 2023 ਵਿਚ ਮਹਿੰਗਾਈ ਆਧਾਰਤ ਤਨਖਾਹ ਵਿਚ ਵਾਧੇ ਤੋਂ ਇਨਕਾਰ ਕਰਨ ਵਾਲੇ ਮਤੇ ਦੇ ਹੱਕ ਵਿਚ ਵੋਟ ਦਿੱਤਾ ਜਿਸ ਨਾਲ ਅਗਲੇ ਸਾਲ ਤਨਖਾਹ ਵਿਚ ਵਾਧੇ ਦਾ ਕੰਮ ਮੁਕਾ ਦਿੱਤਾ ਗਿਆ। ਵਿਰੋਧੀ ਧਿਰ ਦੇ ਹਾਊਸ ਲੀਡਰ ਟੋਡ ਸਟੋਨ ਨੇ ਪੋਸਟਮੀਡੀਆ ਨਿਊਜ਼ ਨੂੰ ਦੱਸਿਆ ਕਿ ਸੰਨ 2000 ਤੋਂ ਐਮਐਲਏਜ਼ ਦੀਆਂ ਤਨਖਾਹਾਂ ਦੀ ਦਰ ਮਹਿੰਗਾਈ ਦੀ ਦਰ ਦੇ ਹਿਸਾਬ ਨਾਲ ਵਧਦੀ ਹੈ ਜਿਹੜੀ ਆਮ ਤੌਰ 'ਤੇ 2 ਫ਼ੀਸਦੀ ਹੁੰਦੀ ਹੈ ਪਰ ਪਿਛਲੇ 9 ਮਹੀਨਿਆਂ ਵਿਚ ਮਹਿੰਗਾਈ ਦੀ ਦਰ ਬਹੁਤ ਜ਼ਿਆਦਾ ਵਧ ਗਈ ਜਿਹੜੀ ਹੁਣ 8 ਫ਼ੀਸਦੀ ਦੇ ਆਸ ਪਾਸ ਹੈ। ਇਸ ਦਾ ਮਤਲਬ ਇਕ ਐਮਐਲਏ ਦੀ 115000 ਡਾਲਰ ਤਨਖਾਹ 2023 ਵਿਚ ਵਧ ਕੇ 125000 ਡਾਲਰ ਹੋ ਜਾਵੇਗੀ। ਸਟੋਨ ਨੇ ਦੱਸਿਆ ਕਿ ਐਮਐਲਏਜ਼ ਨੂੰ ਮਹਿੰਗਾਈ ਆਧਾਰਤ ਤਨਖਾਹ ਵਿਚ ਵਾਧੇ ਤੋਂ ਨਾਰਾਜ਼ਗੀ ਵਾਲੀਆਂ ਬ੍ਰਿਟਿਸ਼ ਕੋਲੰਬੀਆ ਵਾਸੀਆਂ ਦਾ ਹਜ਼ਾਰਾਂ ਈਮੇਲਜ਼ ਪਿਛਲੇ ਕੁਝ ਮਹੀਨਿਆਂ ਵਿਚ ਮਿਲੀਆਂ ਹਨ। ਇਸ ਲਈ ਲੈਜਿਸਲੇਟਿਵ ਐਸੰਬਲੀ ਸਟਾਫ ਨੂੰ ਤਨਖਾਹਾਂ ਵਿਚ ਵਾਧਾ ਰੋਕਣ ਲਈ ਮਤਾ ਪੇਸ਼ ਕਰਨ ਲਈ ਕਿਹਾ ਗਿਆ ਸੀ। ਸਟੋਨ ਨੇ ਦੱਸਿਆ ਕਿ ਇਸ ਨਾਲ 2023 ਵਿਚ ਤਨਖਾਹ ਵਿਚ ਕੋਈ ਵਾਧਾ ਨਹੀਂ ਹੋਵੇਗਾ। 2024 ਬਾਰੇ ਉਨ੍ਹਾਂ ਕਿਹਾ ਕਿ ਉਸ ਸਮੇਂ ਦੀ ਮਹਿੰਗਾਈ ਦਰ 'ਤੇ ਗੱਲ ਨਿਰਭਰ ਕਰੇਗੀ। ਐਨਡੀਪੀ ਦੇ ਹਾਊਸ ਲੀਡਰ ਰਵੀ ਕਾਹਲੋਂ ਨੇ ਕਿਹਾ ਕਿ ਸਦਨ ਵਿਚ ਐਮਐਲਏਜ਼ ਨੇ 2023 ਵਿਚ ਮਹਿੰਗਾਈ ਆਧਾਰਤ ਵਾਧੇ ਨੂੰ ਸਵੀਕਾਰ ਕਰਨਾ ਉਚਿੱਤ ਨਹੀਂ ਸਮਝਿਆ।

## ਘਾਤਕ ਦੁਰਘਟਨਾ ਵਿਚ ਪੈਦਲ ਯਾਤਰੀ ਦੀ ਮੌਤ-ਡਰਾਈਵਰ ਫਰਾਰ

ਐਬਟਸਫੋਰਡ-ਪੁਲਿਸ ਵਿਭਾਗ ਨੇ ਦੱਸਿਆ ਕਿ 10-11 ਦਸੰਬਰ ਦੀ ਰਾਤ ਨੂੰ ਲੇਫਿਊਵਰ ਰੋਡ 'ਤੇ ਲਾਲ ਡੌਜ ਰੈਮ ਪਿਕਅੱਪ ਟਰੱਕ ਨੇ ਇਕ ਪੈਦਲ ਯਾਤਰੀ ਨੂੰ ਜਾਨਲੇਵਾ ਟੱਕਰ ਮਾਰ ਦਿੱਤੀ। ਸ਼ੱਕੀ ਡਰਾਈਵਰ ਮੌਕੇ 'ਤੇ ਫਰਾਰ ਹੋ ਗਿਆ। ਪੈਦਲ ਯਾਤਰੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਏਪੀਡੀ ਨੂੰ ਹਾਦਸੇ ਬਾਰੇ ਜਾਣਕਾਰੀ ਬੀਸੀ ਐਂਬੂਲੈਂਸ ਸਰਵਿਸ ਨੇ ਦਿੱਤੀ। ਡੌਜ ਰੈਮ ਪਿਕਅੱਪ ਟਰੱਕ ਮੌਕੇ ਤੋਂ ਭੱਜ ਗਿਆ ਅਤੇ ਨੇੜੇ ਹੀ ਹਾਦਸਾ ਗ੍ਰਸਤ ਹੋ ਗਿਆ। ਪੈਦਲ ਯਾਤਰੀ ਦੀ ਮੋਟਰ ਗੱਡੀ ਵੀ ਸੜਕ ਕਿਨਾਰੇ ਖੜੀ ਮਿਲੀ ਅਤੇ ਉਸ ਨੂੰ ਦੁਰਘਟਨਾ ਕਾਰਨ ਨੁਕਸਾਨ ਪੁੱਜਾ ਸੀ। ਪੁਲਿਸ ਵਿਭਾਗ ਦਾ ਮੇਜਰ ਕਰਾਈਮ ਯੂਨਿਟ ਦੁਰਘਟਨਾ ਦੀ ਜਾਂਚ ਕਰ ਰਿਹਾ ਹੈ ਅਤੇ ਉਹ ਚਸ਼ਮਦੀਦਾਂ ਤੇ ਲੋਕਾਂ ਤੋਂ ਡੈਸ਼ਕੈਮ ਫੁੱਟੇਜ ਦੀ ਭਾਲ ਕਰ ਰਿਹਾ ਹੈ ਜਿਹੜੇ ਹਾਦਸੇ ਸਮੇਂ ਉਥੋਂ ਲੰਘ ਰਹੇ ਹੋਣਗੇ।



## ਮੁੱਖ ਮੰਤਰੀ ਵੱਲੋਂ ਵਿਸ਼ਵ ਹਾਕੀ ਟਰਾਫੀ ਦਾ ਪੰਜਾਬ ਪੁੱਜਣ ਤੇ ਸਵਾਗਤ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅਗਲੇ ਸਾਲ ਵਿਸ਼ਵ ਕੱਪ ਹਾਕੀ ਪੁਰਸ਼ ਦੀ ਮੇਜ਼ਬਾਨੀ ਲਈ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਹੈ ਤੇ ਹੋਸਾ ਲੈ ਰਹੀਆਂ ਟੀਮਾਂ ਖਾਸ ਤੌਰ 'ਤੇ ਭਾਰਤੀ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਹਨ। ਹਾਕੀ ਦੇ ਵਿਸ਼ਵ ਕੱਪ ਹਾਕੀ ਦੀ ਟਰਾਫੀ ਪੰਜਾਬ ਪਹੁੰਚੀ ਹੈ। ਇਸ ਬਾਰੇ ਮੁੱਖ ਮੰਤਰੀ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਤੇ ਕਿਹਾ ਕਿ ਟਰਾਫ਼ੀ ਦਾ ਸਵਾਗਤ ਕਰਕੇ ਖ਼ੁਸ਼ੀ ਹੋਈ। ਉਨ੍ਹਾਂ ਕਿਹਾ ਉਮੀਦ ਕਰਦੇ ਹਾਂ 1975 ਵਾਂਗ ਇਹ ਟਰਾਫ਼ੀ ਭਾਰਤ ਦੀ ਹੀ ਝੋਲੀ ਪਵੇ। ਭਾਰਤ ਸਮੇਤ ਬਾਕੀ ਦੇਸ਼ਾਂ ਦੇ ਸਾਰੇ ਖਿਡਾਰੀਆਂ ਨੂੰ ਬਹੁਤ ਸ਼ੁਭਕਾਮਨਾਵਾਂ।'

# ਸਿਹਤ ਦੇਖਭਾਲ 'ਚ ਸੁਧਾਰ ਲਈ ਸਿਹਤ ਮੰਤਰੀ ਸਹਿਮਤ ਪਰ ਸਾਰੀ ਗੱਲ ਪ੍ਰੀਮੀਅਰਾਂ 'ਤੇ ਨਿਰਭਰ-ਡਕਲੋਸ

ਓਟਵਾ-ਸਿਹਤ ਮੰਤਰੀ ਜੀਨ-ਯਵੇਸ ਡਕਲੋਸ ਅਤੇ ਉਨ੍ਹਾਂ ਦੇ ਸੂਬਾ ਹਮਰੁਤਬਾ ਨਿੱਜੀ ਰੂਪ ਵਿਚ ਇਸ ਗੱਲ 'ਤੇ ਸਹਿਮਤ ਹਨ ਕਿ ਸਿਹਤ ਦੇਖਭਾਲ ਵਿਚ ਸੁਧਾਰ ਲਈ ਕੀ ਕੁਝ ਕਰਨ ਦੀ ਲੋੜ ਹੈ ਪਰ ਫੈਡਰਲ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਦਲੀਲ ਦਿੱਤੀ ਕਿ ਫੈਡਰਲ ਸਰਕਾਰ ਤੋਂ ਵਧੇਰ ਫੰਡ ਪ੍ਰਾਪਤ ਕਰਨ ਲਈ ਸਮਝੌਤੇ ਨੂੰ ਸਵੀਕਾਰ ਕਰਨ ਦੀ ਗੱਲ ਹੁਣ ਪ੍ਰੀਮੀਅਰਾਂ 'ਤੇ ਨਿਰਭਰ ਕਰਦੀ ਹੈ। ਬੱਚਿਆਂ ਦੇ ਹਸਪਤਾਲ ਵਿਚ ਭੀੜ ਹੋਣ ਅਤੇ ਸਿਹਤ ਕਾਮਿਆਂ ਦੇ ਥੱਕ ਜਾਣ ਜਿਸ ਨਾਲ ਕੈਨੇਡਾ ਦਾ ਸਿਸਟਮ ਸੰਕਟ ਵਿਚ ਫਸ ਗਿਆ ਹੈ ਦੇ ਪਿਛੋਕੜ ਵਿਚ ਫੈਡਰਲ ਤੇ ਸੂਬਾ ਸਿਆਸਤਦਾਨਾਂ ਵਿਚਕਾਰ ਗੱਲਬਾਤ ਰੁਕ ਗਈ ਹੈ। ਸੂਬੇ ਤੇ ਟੈਰੀਟਰੀਜ਼ ਨੇ ਕੈਨੇਡਾ ਹੈਲਥ ਟਰਾਂਸਫਰ ਵਧਾਉਣ ਦੀ ਮੰਗ ਕੀਤੀ ਹੈ ਜਿਹੜਾ ਫੈਡਰਲ ਫੰਡ ਦਾ ਮੁੱਖ ਸਾਧਨ ਹੈ ਜਿਹੜਾ ਸੂਬਾਈ ਸਿਹਤ ਸਿਸਟਮਾਂ ਨੂੰ ਆਉਂਦਾ ਹੈ ਪਰ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇਕਰ ਸੂਬੇ ਉਨ੍ਹਾਂ ਸਿਸਟਮਾਂ ਵਿਚ ਸੁਧਾਰ ਲਈ ਸਹਿਮਤ ਹੁੰਦੇ ਹਨ ਤਾਂ ਹੀ ਅਜਿਹਾ ਹੋਵੇਗਾ। ਡਕਲੋਸ ਨੇ ਪਿਛਲੇ ਮਹੀਨੇ ਬ੍ਰਿਟਿਸ਼ ਕੋਲੰਬੀਆ ਵਿਚ ਸੂਬਾ ਤੇ ਟੈਰੀਟੋਰੀਅਲ ਸਿਹਤ ਮੰਤਰੀਆਂ ਨਾਲ ਮੀਟਿੰਗ ਕੀਤੀ ਸੀ ਅਤੇ ਕਿਹਾ ਕਿ ਜੋ ਕੁਝ ਕੀਤੇ ਜਾਣ ਦੀ ਲੋੜ ਹੈ ਉਹ ਸਾਰੇ ਉਸ 'ਤੇ ਸਹਿਮਤ ਹਨ ਪਰ ਪ੍ਰੀਮੀਅਰਾਂ ਨੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਡਕਲੋਸ



ਨੇ ਬੁੱਧਵਾਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਸਾਰੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ 'ਤੇ ਸਹਿਮਤ ਹਾਂ। ਅਸੀਂ ਵੈਨਕੂਵਰ ਵਿਚ ਨਿੱਜੀ ਤੌਰ 'ਤੇ ਪੂਰੀ ਤਰ੍ਹਾਂ ਸਹਿਮਤ ਸੀ। ਸਮੱਸਿਆ ਇਹ ਹੈ ਕਿ ਪ੍ਰੀਮੀਅਰਾਂ ਸਾਨੂੰ ਉਨ੍ਹਾਂ ਨਤੀਜਿਆਂ ਬਾਰੇ ਗੱਲਬਾਤ ਨਹੀਂ ਕਰਨੀ ਚਾਹੁੰਦੇ। ਉਹ ਡਾਲਰਾਂ ਲਈ ਵਿਅਰਥ ਲੜਾਈ ਜਾਰੀ ਰੱਖਣਾ ਚਾਹੁੰਦੇ ਹਨ। ਮਨੀਟੋਬਾ ਦੀ ਪ੍ਰੀਮੀਅਰ ਹੀਥਰ ਸਟੀਫਨਸਨ ਦਾ ਕਹਿਣਾ ਕਿ ਫੈਡਰਲ ਮੰਤਰੀ ਦੀਆਂ ਟਿੱਪਣੀਆਂ ਗਲਤ ਸਨ। ਉਨ੍ਹਾਂ ਕਿਹਾ ਕਿ ਜਦੋਂ ਪਿਛਲੇ ਮਹੀਨੇ ਸਿਹਤ ਮੰਤਰੀਆਂ ਨਾਲ ਮੀਟਿੰਗ ਹੋਈ ਤਾਂ ਕੈਨੇਡਾ ਹੈਲਥ ਟਰਾਂਸਫਰ ਤਾਂ ਏਜੰਡੇ ਵਿਚ ਹੀ ਨਹੀਂ ਸੀ। ਈਮੇਲ 'ਤੇ ਭੇਜੇ ਇਕ ਬਿਆਨ ਵਿਚ ਸਟੀਫਨਸਨ ਨੇ ਕਿਹਾ ਕਿ ਕੈਨੇਡੀਅਨ ਫੈਡਰਲ ਚਲਾਕੀਆਂ ਤੋਂ ਥੱਕ ਗਏ ਹਨ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨਾਲ ਪ੍ਰੀਮੀਅਰਾਂ ਦੀ ਮੀਟਿੰਗ ਬਾਰੇ ਬੇਨਤੀ ਨੂੰ ਮੁੜ ਦੁਹਰਾਇਆ ਹੈ। ਪ੍ਰਧਾਨ ਮੰਤਰੀ ਇਸ ਤਰ੍ਹਾਂ ਦੀ ਮੀਟਿੰਗ ਲਈ ਹਾਂ ਨਹੀਂ ਕਰਨਗੇ ਅਤੇ ਇਸ ਦੀ ਬਜਾਏ ਉਹ ਇਕੱਲੇ ਇਕੱਲੇ ਪ੍ਰੀਮੀਅਰ ਨਾਲ ਗੱਲਬਾਤ ਨੂੰ ਤਰਜੀਹ ਦੇਣਗੇ। ਟਰੂਡੋ ਨੇ ਹਾਊਸ ਆਫ ਕਾਮਨਜ਼ ਦੇ ਪ੍ਰਸ਼ਨ ਕਾਲ ਲਈ ਜਾਂਦੇ ਸਮੇਂ ਸਮਝੌਤਾ ਗੱਲਬਾਤ ਤੇ ਸਿਹਤ ਦੇਖਭਾਲ ਬਾਰੇ ਆਪਣੇ ਪੱਖ ਨੂੰ ਮੁੜ ਦੁਹਰਾਇਆ ਹੈ। ਟਰੂਡੋ ਨੇ ਕਿਹਾ ਕਿ ਅਸੀਂ ਇਸ ਦੇਸ਼ ਵਿਚ ਸਿਹਤ ਦੇਖਭਾਲ ਦੀ ਸਥਿਤੀ ਬਾਰੇ ਚਿੰਤਤ ਹਾਂ ਅਤੇ ਇਹੀ ਕਾਰਨ ਅਸੀਂ ਲਗਾਤਾਰ ਸੂਬਿਆਂ 'ਤੇ ਕੈਨੇਡੀਅਨਾਂ ਨੂੰ ਅਸਲ ਨਤੀਜੇ ਦੇਣ 'ਤੇ ਜ਼ੋਰ ਦੇ ਰਹੇ ਹਾਂ। ਅਸੀਂ ਉਥੇ ਨਿਵੇਸ਼ ਕਰਾਂਗੇ ਪਰ ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਉਹ ਫੈਮਿਲੀ ਡਾਕਟਰ ਦੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਉਡੀਕ ਸੂਚੀਆਂ ਖਤਮ ਕਰਕੇ ਇਲਾਜ ਲਈ ਕੈਨੇਡੀਅਨਾਂ ਦੀ ਮਦਦ ਕਰ ਰਹੇ ਹਨ।


UNI GLOBAL IMMIGRATION
CONSULTING SERVICES LTD.
*Your Dream......Our Passion*

**For All Your Immigration Related Needs**

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com



HOMELAND MORTGAGE CORP.

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com



KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਪ੍ਰੀਮੀਅਰ ਈਬੀ ਦੀ ਨਵੀਂ ਟੀਮ ਤੇ ਦਰਪੇਸ਼ ਚੁਣੌਤੀਆਂ

## ਕੈਬਨਿਟ ਵਿਚ ਯੋਗ ਪ੍ਰਤੀਨਿਧਤਾ ਦਾ ਭਰਪੂਰ ਸਵਾਗਤ..

**ਸੁਖਵਿੰਦਰ ਸਿੰਘ ਚੋਹਲਾ**

ਬ੍ਰਿਟਿਸ਼ ਕੋਲੰਬੀਆ ਦੇ ਨਵੇਂ ਬਣੇ ਪ੍ਰੀਮੀਅਰ ਡੇਵਿਡ ਈਬੀ ਨੇ ਬੁੱਧਵਾਰ ਆਪਣੇ ਨਵੇਂ ਮੰਤਰੀ ਮੰਡਲ ਦਾ ਗਠਨ ਕਰਦਿਆਂ ਔਰਤਾਂ ਅਤੇ ਗੈਰ ਗੋਰੇ ਵਿਅਕਤੀਆਂ ਨੂੰ ਵੀ ਬਰਾਬਰ ਦੀ ਪ੍ਰਤੀਨਿਧਤਾ ਦਿੰਦਿਆਂ ਇਕ ਸੰਤੁਲਨ ਪਹੁੰਚ ਅਪਨਾਉਣ ਦੇ ਨਾਲ ਸੂਬੇ ਨੂੰ ਦਰਪੇਸ਼ ਸਮੱਸਿਆਵਾਂ, ਚੁਣੌਤੀਆਂ ਦਾ ਮੁਕਾਬਲਾ ਕਰਨ ਦੇ ਅਹਿਦ ਦੇ ਨਾਲ ਅੱਗੇ ਵਧਣ ਦਾ ਸੱਦਾ ਦਿੱਤਾ ਹੈ। ਉਹਨਾਂ ਨੇ ਆਪਣੇ ਮੰਤਰੀਆਂ ਨੂੰ ਮਹਿਕਮਿਆਂ ਦੀ ਵੰਡ ਕਰਦਿਆਂ ਸੂਬੇ ਦੀ ਸਭ ਤੋ ਵੱਡੀ ਹਾਊਸਿੰਗ ਦੀ ਸਮੱਸਿਆ ਦੇ ਨਾਲ ਸਿਹਤ ਸੰਭਾਲ, ਮਹਿੰਗਾਈ, ਓਪੀਔਡ ਵਰਗੇ ਜਾਨਲੇਵਾ ਨਸ਼ੀਲੇ ਪਦਾਰਥ ਤੋਂ ਛੁਟਕਾਰਾ ਪਾਉਣ ਲਈ ਠੋਸ ਯੋਜਨਾਵਾਂ ਉਲੀਕਣ ਤੇ ਉਹਨਾਂ ਉਪਰ ਅਮਲ ਦਾ ਸੰਕੇਤ ਦਿੱਤਾ ਹੈ। ਈਬੀ ਨੇ ਮੰਤਰੀ ਮੰਡਲ ਵਿਚ 27 ਐਮ ਐਲ ਏਜ਼ ਨੂੰ ਸ਼ਾਮਿਲ ਕੀਤਾ ਹੈ ਜਿਨ੍ਹਾਂ ਵਿਚ 15 ਔਰਤਾਂ ਅਤੇ 7 ਗੈਰ -ਗੋਰੇ ਵਿਅਕਤੀ ਸ਼ਾਮਿਲ ਹਨ ? ਮੰਤਰੀ ਮੰਡਲ ਵਿਚ ਸੇਲੀਨਾ ਰੋਬਿਨਸਨ ਦੀ ਥਾਂ ਕੈਟਰੀਨ ਕੋਨਰੋਏ ਨੂੰ ਵਿੱਤ ਮੰਤਰੀ ਬਣਾਇਆ ਗਿਆ ਹੈ ? ਸੇਲੀਨਾ ਰੋਬਿਨਸਨ ਹੁਣ ਘੱਟ ਅਹਿਮੀਅਤ ਵਾਲੇ ਪੋਸਟ ਸੈਕੰਡਰੀ ਸਿੱਖਿਆ ਤੇ ਭਵਿੱਖ ਦੇ ਹੁਨਰਾਂ ਬਾਰੇ ਮੰਤਰੀ ਹੋਣਗੇ। ਨਵੇਂ ਮੰਤਰੀ ਮੰਡਲ ਵਿਚ ਪੰਜਾਬੀ ਭਾਈਚਾਰੇ ਲਈ ਖੁਸ਼ੀ ਵਾਲੀ ਗੱਲ ਹੈ ਕਿ ਉਹਨਾਂ ਦੀ ਪ੍ਰਤੀਨਿਧਤਾ ਵਿਚ ਇਸ ਵਾਰ ਵਾਧਾ ਹੋਇਆ ਹੈ। ਭਾਰਤੀ ਮੂਲ ਦੀ ਨਿੱਕੀ ਸ਼ਰਮਾ ਨਵੀਂ ਅਟਾਰਨੀ ਜਨਰਲ ਬਣੀ ਹੈ ਜੋ ਸੂਬੇ ਦੇ ਚੋਟੀ ਦੇ ਵਕੀਲ ਵਜੋਂ ਕੰਮ ਕਰਨ ਵਾਲੀ ਪਹਿਲੀ ਦੱਖਣੀ ਏਸ਼ੀਅਨ ਔਰਤ ਹੋਵੇਗੀ ? ਹੌਰਗਨ ਮੰਤਰੀ ਮੰਡਲ ਵਿਚ ਪਹਿਲਾਂ ਹੀ ਸੀਨੀਅਰ ਆਗੂ ਹੈਰੀ ਬੈਂਸ ਅਤੇ ਰਵੀ ਕਾਹਲੋਂ ਮੰਤਰੀ ਵਜੋ ਸ਼ਾਮਿਲ ਸਨ। ਹੈਰੀ ਬੈਂਸ ਦੀ ਕਿਰਤ ਮਾਮਲਿਆਂ ਵਿਚ ਚੰਗੀ ਕਾਰਗੁਜਾਰੀ ਕਾਰਣ ਉਹਨਾਂ ਨੂੰ ਮੁੜ ਉਹੀ ਮਹਿਕਮਾ ਦਿੱਤਾ ਗਿਆ ਹੈ ਪਰ ਰਵੀ ਕਾਹਲੋਂ ਨੂੰ ਤਰੱਕੀ ਦਿੱਤੀ ਗਈ ਹੈ। ਉਹਨਾਂ ਨੂੰ ਜਿਥੇ ਹਾਊਸ ਲੀਡਰ ਬਣਾਇਆ ਗਿਆ ਉਥੇ ਹਾਊਸਿੰਗ ਦਾ ਮਹੱਤਵਪੂਰਣ ਮੰਤਰਾਲਾ ਦਿੱਤਾ ਗਿਆ ਹੈ। ਪਹਿਲਾਂ ਇਹ ਮਹਿਕਮਾ ਅਟਾਰਨੀ ਜਨਰਲ ਦੇ ਅਧੀਨ ਹੁੰਦਾ ਸੀ ਪਰ ਪ੍ਰੀਮੀਅਰ ਈਬੀ ਵਲੋ ਹਾਊਸਿੰਗ ਸਮੱਸਿਆ ਨੂੰ ਤਰਜੀਹੀ ਆਧਾਰ ਤੇ ਲੈਂਦਿਆਂ ਇਹ ਮੰਤਰਾਲਾ ਆਜਾਦ ਰੂਪ ਵਿਚ ਰਵੀ ਕਾਹਲੋਂ ਨੂੰ ਸੌਂਪਿਆ ਗਿਆ ਹੈ। ਸਾਬਕਾ ਕੌਮਾਂਤਰੀ ਹਾਕੀ ਖਿਡਾਰੀ ਕਾਹਲੋਂ ਨੇ ਐਨਡੀਪੀ ਲੀਡਰਸ਼ਿਪ ਦੀ ਚੋਣ ਦੌਰਾਨ ਪਾਰਟੀ ਆਗੂ ਦੀ ਖੁਦ ਚੋਣ ਨਾ ਲੜਨ ਦਾ ਫ਼ੈਸਲਾ ਕਰਦਿਆਂ ਈਬੀ ਨੂੰ ਸਮਰਥਨ ਦਿੱਤਾ ਸੀ ? ਕਾਹਲੋਂ ਸਰਕਾਰ ਦੇ ਨਵੇਂ ਹਾਊਸ ਲੀਡਰ ਵੀ ਹੋਣਗੇ ਅਤੇ ਇਹ ਅਹੁਦਾ ਉਹ ਮਾਈਕ ਫਾਰਨਵਰਥ ਤੋਂ ਲੈ ਰਹੇ ਹਨ ਜਿਹੜੇ ਜਨਤਕ ਸੁਰੱਖਿਆ ਬਾਰੇ ਮੰਤਰੀ ਤੇ ਡਿਪਟੀ ਪ੍ਰੀਮੀਅਰ ਵਜੋਂ ਆਪਣੇ ਅਹੁਦਿਆਂ ‘ਤੇ ਬਣੇ ਰਹਿਣਗੇ ? ਹੌਰਗਨ ਸਰਕਾਰ ਵਿਚ ਪਾਰਲੀਮਾਨੀ ਸੈਕਟਰੀ ਵਜੋ ਕੰਮ ਕਰਨ ਵਾਲੀ ਰਚਨਾ ਸਿੰਘ ਨੂੰ ਸਕੂਲ ਸਿੱਖਿਆ ਮਹਿਮਕੇ ਦਾ ਕੈਬਨਿਟ ਮੰਤਰੀ ਬਣਾਇਆ ਗਿਆ ਹੈ। ਰਚਨਾ ਸਿੰਘ ਜੋ ਕਿ ਪੰਜਾਬ ਦੇ ਸ਼ਹਿਰ ਚੰਡੀਗੜ੍ਹ ਨਾਲ ਸੰਬੰਧਿਤ ਹੈ, ਪੰਜਾਬੀ ਦੇ ਉਘੇ ਆਲੋਚਕ ਤੇ ਵਿਦਵਾਨ ਡਾ ਰਘਬੀਰ ਸਿੰਘ ਸਿਰਜਣਾ ਦੀ ਧੀ ਤੇ ਉਘੇ ਪੱਤਰਕਾਰ ਗੁਰਪ੍ਰੀਤ ਸਿੰਘ ਦੀ ਪਤਨੀ ਹੈ । ਸਰੀ ਗਰੀਨ ਟਿੰਬਰ ਤੋ ਐਮ ਐਲ ਏ ਰਚਨਾ ਸਿੰਘ ਨੇ ਪਿਛਲੇ ਕੁਝ ਸਮੇਂ ਤੋ ਸਿਆਸੀ ਖੇਤਰ ਵਿਚ ਬੇਹਤਰ ਕਾਰਗੁਜਾਰੀ ਦਾ ਪ੍ਰਦਰਸ਼ਨ



ਕਰਦਿਆਂ ਐਨ ਡੀ ਪੀ ਆਗੂ ਦਾ ਵਿਸ਼ਵਾਸ ਜਿੱਤਣ ਵਿਚ ਸਫਲਤਾ ਹਾਸਲ ਕੀਤੀ ਹੈ। ਸਿੱਖਿਆ ਤੇ ਸਾਹਿਤ ਦੀ ਪਰਿਵਾਰਕ ਗੁੜਤੀ ਪ੍ਰਾਪਤ ਰਚਨਾ ਸਿੰਘ ਤੋ ਸਿੱਖਿਆ ਖੇਤਰ ਵਿਚ ਬੇਹਤਰੀਨ ਕਾਰਗੁਜਾਰੀ ਦੀ ਆਸ ਕਰਨੀ ਬਣਦੀ ਹੈ। ਸਰੀ ਫਲੀਟਵੁੱਡ ਹਲਕੇ ਤੋਂ ਐਮ ਐਲ ਏ ਜਗਰੂਪ ਬਰਾੜ ਨੂੰ ਪਹਿਲੀ ਵਾਰ ਮੰਤਰੀ ਮੰਡਲ ਵਿਚ ਸ਼ਾਮਲਿ ਕਰਦਿਆਂ ਵਪਾਰ ਰਾਜ ਮੰਤਰੀ ਬਣਾਇਆ ਗਿਆ ਹੈ। ਪੰਜਾਬ ਦੇ ਜਿਲਾ ਬਠਿੰਡਾ ਨਾਲ ਸੰਬੰਧਿਤ ਜਗਰੂਪ ਬਰਾੜ ਵਲੋ ਕੈਨੇਡਾ ਪ੍ਰਵਾਸ ਕਰਨ ਉਪਰੰਤ ਸੰਘਰਸ਼ ਦੇ ਸਫਲਤਾ ਦੀ ਕਹਾਣੀ ਹੋਰ ਪੌਂਡੂ ਤੇ ਪਛੜੇ ਖੇਤਰ ਦੇ ਪੰਜਾਬੀ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹੈ। ਉਹਨਾਂ ਦੇ ਲੰਬੇ ਸਿਆਸੀ ਤਜੁਰਬੇ ਤੇ ਸਮਾਜਿਕ ਸੇਵਾਵਾਂ ਨੂੰ ਵੇਖਦਿਆਂ ਉਹਨਾਂ ਤੋਂ ਵਪਾਰ ਮੰਤਰਾਲੇ ਵਿਚ ਕੁਝ ਨਵਾਂ ਕਰਨ ਦੀਆਂ ਉਮੀਦਾਂ ਹਨ। ਦੋ ਹੋਰ ਪੰਜਾਬੀ ਮੂਲ ਦੇ ਐਮ ਐਲ ਏ ਅਮਨਦੀਪ ਸਿੰਘ ਤੇ ਹਰਵਿੰਦਰ ਸੰਧੂ ਨੂੰ ਪਾਰਲੀਮਾਨੀ ਸੈਕਟਰੀ ਬਣਾਇਆ ਗਿਆ ਹੈ ਜੋ ਉਹਨਾਂ ਦੇ ਸਿਆਸੀ ਅਨੁਭਵ ਨੂੰ ਨਵੀਂ ਜਰਬ ਦੇਵੇਗਾ। ਤੇਜ਼ ਤਰਾਰ ਆਗੂ ਬੋਵਿਨ ਮਾ ਦੀ ਅਗਵਾਈ ਵਿਚ ਐਮਰਜੈਂਸੀ ਪ੍ਰਬੰਧਨ ਅਤੇ ਪੌਣਪਾਣੀ ਦੀ ਰਖਵਾਲੀ ਲਈ ਨਵਾਂ ਮੰਤਰਾਲੇ ਨਾਲ ਹਾਊਸਿੰਗ ਤੇ ਪੌਣਪਾਣੀ ਨੂੰ ਤਰਜੀਹ ਦਿੱਤੀ ਗਈ ਹੈ ? ਈਬੀ ਦਾ ਕਹਿਣਾ ਹੈ ਕਿ ਇਸ ਮੰਤਰਾਲੇ ਰਾਹੀਂ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਪਿਛਲੇ ਸਮੇਂ ਦੌਰਾਨ ਸੂਬੇ ਨੂੰ ਜੋ ਭਿਆਨਕ ਹੜ੍ਹਾਂ, ਅੱਗ ਲੱਗਣ ਦੀਆਂ ਘਟਨਾਵਾਂ ਤੇ ਹੀਟ ਵੇਵ ਜਿਹੀਆਂ ਆਫਤਾਂ ਦਾ ਸਾਹਮਣਾ ਕਰਨਾ ਪਿਆ ਸੀ, ਉਪਰੰਤ ਉਹ ਪੌਣਪਾਣੀ ਸਬੰਧੀ ਹੰਗਾਮੀ ਸਥਿਤੀਆਂ ਨਾਲ ਨਜਿੱਠਣ ਲਈ ਤਿਆਰ ਹੈ। ਪ੍ਰੀਮੀਅਰ ਈਬੀ ਵਲੋ ਆਪਣੇ ਮੰਤਰੀ ਮੰਡਲ ਦੇ ਗਠਨ ਦੇ ਨਾਲ ਸੂਬੇ ਨੂੰ ਦਰਪੇਸ਼ ਸਮੱਸਿਆਵਾਂ ਨਾਲ ਨਜਿਠਣ ਅਤੇ ਵਿਕਾਸ ਦੇ ਕਦਮਾਂ ਨੂੰ ਅੱਗੇ ਵਧਾਉਣ ਲਈ ਇਕ ਮਜ਼ਬੂਤ ਲੀਡਰਸ਼ਿਪ ਦੀ ਲੋੜ ਹੈ। ਇਸ ਸਬੰਧ ਵਿਚ ਪ੍ਰੀਮੀਅਰ ਦੇ ਸਹੁੰ ਚੁੱਕ ਸਮਾਗਮ ਦੀ ਘਟਨਾ ਨੂੰ ਵਾਚਿਆ ਜਾ ਸਕਦਾ ਹੈ। ਈਬੀ ਦੇ ਸਹੁੰ ਚੁੱਕ ਸਮਾਗਮ ਦੌਰਾਨ ਸਾਬਕਾ ਪ੍ਰੀਮੀਅਰ ਜੌਨ ਹੌਰਗਨ ਨੇ ਮਜ਼ਾਕ ਵਿੱਚ ਕਿਹਾ ਸੀ ਕਿ ਉਹਨਾਂ ਨੇ ਸੂਬੇ ਦੇ ਸਭ ਤੋ ਔਖੇ ਕੰਮ ਨੂੰ ਸੰਭਾਲਣ ਲਈ ਸਭ ਤੋਂ ਲੰਬਾ ਵਿਅਕਤੀ ਲੱਭਾ ਹੈ। ਪਰ ਇਸ ਮੌਕੇ ਈਬੀ ਨੇ ਤੁਰੰਤ ਹਾਜਰ ਜਵਾਬੀ ਵਿਖਾਈ ਤੇ ਕਿਹਾ ਕਿ, ਮੈਂ ਇੰਨਾ ਲੰਬਾ ਨਹੀਂ ਹਾਂ ਜਿੰਨਾ ਮੈਂ ਦਿਖਦਾ ਹਾਂ ਕਿਉਂਕਿ ਮੈਂ ਜੌਨ ਹੌਰਗਨ ਦੇ ਮੋਢਿਆਂ ਤੇ ਚੜਕੇ ਹੀ ਪ੍ਰੀਮੀਅਰ ਬਣਿਆ ਹਾਂ। ਕਿਹਾ ਜਾ ਸਕਦਾ ਹੈ ਕਿ ਈਬੀ ਦੀ ਹਾਜ਼ਰ ਜਵਾਬੀ ਵਿਚ ਉਸਦੀ ਸਮਰੱਥਾ ਛੁਪੀ ਹੋਈ ਹੈ। ਹੌਰਗਨ ਦੀ ਸਰਕਾਰ ਦੌਰਾਨ, ਈਬੀ ਨੇ ਅਟਾਰਨੀ ਜਨਰਲ ਵਜੋਂ ਕੰਮ ਕੀਤਾ ਹੈ । ਉਸ ਕੋਲ ਵੱਖ-ਵੱਖ ਸਮਿਆਂ ‘ਤੇ ਹਾਊਸਿੰਗ ਅਤੇ ਆਈ ਸੀ ਬੀ ਸੀ ਦੀ ਜ਼ਿੰਮੇਵਾਰੀ ਵੀ ਸੀ। ਉਸਨੇ ਐਨ ਡੀ ਪੀ ਸਰਕਾਰ ਦੀਆਂ ਦੋ ਸਭ ਤੋਂ ਵੱਡੀਆਂ ਜਾਂਚਾਂ ਦੀ ਅਗਵਾਈ ਕੀਤੀ ਹੈ - ਇੱਕ ਆਈ ਸੀ ਬੀ ਸੀ ਦੀ ਬਦਇੰਤਜਾਮੀ ਅਤੇ ਦੂਜੀ ਮਨੀ ਲਾਂਡਰਿੰਗ ਦੇ ਖੇਤਰ ਵਿਚ ਬੇਹਤਰੀਨ ਕੰਮ ਕਰਕੇ ਵਿਖਾਇਆ ਹੈ। ਈਬੀ ਨੇ ਹੁਣ ਬੀ.ਸੀ. ਦੀਆਂ ਦੋ ਸਭ ਤੋਂ ਵੱਡੀਆਂ ਦੋ ਸਮੱਸਿਆਵਾਂ ਨਾਲ ਨਜਿੱਠਣ ਦਾ ਵਾਅਦਾ ਕੀਤਾ ਹੈ। ਇਕ ਰਿਹਾਇਸ਼ ਦੀ ਸਮਰੱਥਾ ਅਤੇ ਦੂਸਰਾ ਵੈਨਕੂਵਰ ਦੇ ਡਾਊਨਟਾਊਨ ਈਸਟਸਾਈਡ ਵਿਚ ਬੇਘਰਿਆਂ ਤੇ ਨਸ਼ਈਆਂ ਦੀ ਸਮੱਸਿਆ। ਉਸਨੇ ਹਾਊਸਿੰਗ ਸਮੱਸਿਆ ਦੀ ਹੱਲ ਲਈ ਬਿਲਡਰਜ ਦੇ ਗੈਰ-ਮੁਨਾਫਾ ਪ੍ਰਾਜੈਕਟਾਂ ਨੂੰ ਦੁੱਗਣਾ ਫੰਡ ਦੇਣ, ਮੱਧ-ਸ਼੍ਰੇਣੀ ਦੇ ਘਰਾਂ ਨੂੰ ਬਣਾਉਣ ਵਿੱਚ ਸਰਕਾਰ ਦੀ ਭੂਮਿਕਾ ਦਾ ਵਿਸਤਾਰ ਕਰਨਾ ਸ਼ਾਮਲ ਹੈ। ਵੈਨਕੂਵਰ ਵਿਚ ਘਰਾਂ ਦੀ ਕੀਮਤਾਂ ਨੂੰ ਠੱਲ ਪਾਉਣ ਅਤੇ ਵਿਦੇਸ਼ੀ ਖਰੀਦਦਾਰਾਂ ਨੂੰ ਰੋਕਣ ਲਈ ਫਲਿਪਿੰਗ ਟੈਕਸ ਲਿਆਉਣ, ਲੋਕਾਂ ਨੂੰ ਥੋੜ੍ਹੇ ਸਮੇਂ ਵਿੱਚ ਘਰ ਖਰੀਦਣ ਅਤੇ ਉਨ੍ਹਾਂ ਨੂੰ ਬਹੁਤ ਜ਼ਿਆਦਾ ਕੀਮਤ ‘ਤੇ ਵੇਚਣ ਤੋਂ ਰੋਕਣ, ਅਪਰਾਧ ਦੀ ਕਮਾਈ ਨਾਲ ਖਰੀਦੀਆਂ ਜਾਇਦਾਦਾਂ ਨੂੰ ਜ਼ਬਤ ਕਰਨ, ਕਿਰਾਏ ‘ਤੇ ਰੀਅਲ ਅਸਟੇਟ ਖਰੀਦਣ ਵਾਲੀਆਂ ਵੱਡੀਆਂ ਕਾਰਪੋਰੇਸ਼ਨਾਂ ਨੂੰ ਰੋਕਣ ਦਾ ਵਾਅਦਾ ਕੀਤਾ ਹੈ। ਈਬੀ ਨੇ ਇਹ ਵੀ ਵਾਅਦਾ ਕੀਤਾ ਕਿ ਘਰ ਬਣਾਉਣ ਵਾਲਿਆਂ ਨੂੰ ਸ਼ਹਿਰੀ ਕੇਂਦਰਾਂ ਵਿੱਚ ਸਿੰਗਲ-ਫੈਮਿਲੀ ਲਾਟਾਂ ‘ਤੇ ਤਿੰਨ ਯੂਨਿਟ ਬਣਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ । ਉਸਨੇ ਸੂਬੇ ਭਰ ਵਿੱਚ ਸੈਕੰਡਰੀ ਸੂਈਟਾਂ ਨੂੰ ਕਾਨੂੰਨੀ ਬਣਾਉਣ ਅਤੇ ਬਜ਼ੁਰਗਾਂ ਲਈ ਘਰਾਂ ‘ਤੇ ਉਮਰ ਦੀਆਂ ਪਾਬੰਦੀਆਂ ਨੂੰ ਹਟਾਉਣ ਦਾ ਵਾਅਦਾ ਕੀਤਾ ਹੈ। ਵੈਨਕੂਵਰ ਡਾਊਨਟਾਊਨ ਈਸਟਸਾਈਡ ਇਕ ਅਜਿਹਾ ਇਲਾਕਾ ਜੋ ਪਿਛਲੇ ਦਹਾਕੇ ਤੋਂ ਬੇਘਰਿਆਂ, ਮਾਨਸਿਕ ਰੋਗੀਆਂ. ਨਸ਼ਾਖੋਰੀ ਅਤੇ ਜੁਰਮ ਦਾ ਸਾਹਮਣਾ ਕਰ ਰਿਹਾ ਹੈ। ਵੈਨਕੂਵਰ ਹੇਸਟਿੰਗਜ਼ ਸਟ੍ਰੀਟ ਦੇ ਨਾਲ ਫੁੱਟਪਾਥਾਂ ‘ਤੇ ਤੰਬੂਆਂ ਵਿੱਚ ਰਹਿ ਰਹੇ ਸੈਂਕੜੇ ਲੋਕ ਰੋਜਾਨੀ ਜੀਵਨ ਮੌਤ ਸੰਘਰਸ਼ ਕਰ ਰਹੇ ਹਨ। ਇਸ ਗੰਭੀਰ ਸਮੱਸਿਆ ਨਾਲ ਨਿਪਟਣਾ ਪ੍ਰੀਮੀਅਰ ਈਬੀ ਲਈ ਆਸਾਨ ਨਹੀ ਹੋਵੇਗਾ। ਉਕਤ ਸਮੱਸਿਆਵਾਂ ਤੋ ਇਲਾਵਾ ਅਤਿ ਦੀ ਮਹਿੰਗਾਈ, ਵਿਸ਼ਵ ਆਰਥਿਕ ਸੰਕਟ ਦੇ ਨਾਲ ਸੰਸਾਰ ਭਿਆਨਕ ਜਲਵਾਯੂ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਪ੍ਰੀਮੀਅਰ ਈਬੀ ਨੇ ਰਾਜ,ਮੁਲਕ ਅਤੇ ਵਿਸ਼ਵ ਸਾਹਵੇਂ ਚੁਣੌਤੀਆਂ ਨੂੰ ਸਵੀਕਾਰ ਕਰਦਿਆਂ ਠੋਸ ਯੋਜਾਨਾਵਾਂ ਉਪਰ ਕੰਮ ਕਰਨ ਦਾ ਵਾਅਦਾ ਕੀਤਾ ਹੈ ।

**ਇਸ ਘੜੀ ਪ੍ਰੀਮੀਅਰ ਈਬੀ ਤੇ ਉਹਨਾਂ ਦੀ ਨਵੀਂ ਟੀਮ ਨੂੰ ਸ਼ੁਭਕਾਮਨਾਵਾਂ।**






# ਅਕਿਰਿਆਸ਼ੀਲ ਇਮੀਗ੍ਰੇਸ਼ਨ ਅਫਸਰਾਂ ਨੂੰ ਸੌਂਪੀਆਂ ਗਈਆਂ ਹਜ਼ਾਰਾਂ ਅਰਜ਼ੀਆਂ ਹਨ੍ਹੇਰੇ 'ਚ

ਓਟਵਾ-ਸੀਬੀਸੀ ਨਿਊਜ਼ ਨੂੰ ਪਤਾ ਲੱਗਾ ਹੈ ਕਿ 59456 ਖੋਲ੍ਹੀਆਂ ਤੇ ਲੰਬਿਤ ਪਈਆਂ ਅਰਜ਼ੀਆਂ 779 ਸਾਬਕਾ ਮੁਲਾਜ਼ਮਾਂ ਜਾਂ ਆਈਡਲ ਕੰਪਿਊਟਰ ਆਈਡੀਜ਼ ਨੂੰ ਸੌਂਪੀਆਂ ਗਈਆਂ ਸਨ ਜਿਹੜਾ ਇਸ ਫਰਵਰੀ ਨੂੰ ਆਈਆਰਆਰਸੀ ਦੇ ਪ੍ਰਬੰਧਕੀ ਸਿਸਟਮ ਵਿਚ ਕੰਮ ਨਹੀਂ ਕਰ ਰਿਹਾ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਹਜ਼ਾਰਾਂ ਬਿਨੇਕਾਰਾਂ ਨੂੰ ਇਮੀਗ੍ਰੇਸ਼ਨ ਅਫਸਰਾਂ ਜਾਂ ਪਲੇਸਹੋਲਡਰ ਕੋਡਸ ਨੂੰ ਸੌਂਪਿਆ ਸੀ ਜਿਹੜਾ ਹੁਣ ਅਕਿਰਿਆਸ਼ੀਲ ਹੈ ਅਤੇ ਉਨ੍ਹਾਂ ਦੇ ਸਿਸਟਮ ਵਿਚ ਹੁਣ ਕੰਮ ਨਹੀਂ ਕਰ ਰਿਹਾ, ਉਨ੍ਹਾਂ ਵਿਚੋਂ ਕੁਝ ਅਜਿਹੇ ਹਨ ਜਿਨ੍ਹਾਂ ਨੂੰ 16 ਸਾਲ ਪਹਿਲਾਂ ਲੌਗਇਨ ਕੀਤਾ ਗਿਆ ਅਤੇ ਫਾਈਲਾਂ 'ਤੇ ਕਾਰਵਾਈ ਕੀਤੀ ਗਈ ਅਤੇ ਇਹ ਫਾਈਲਾਂ ਹਵਾਈ ਅੱਡਿਆਂ ਅਤੇ ਵਿਸ਼ਵ ਭਰ ਦੇ ਵੀਜ਼ਾ ਦਫ਼ਤਰਾਂ ਨਾਲ ਸਬੰਧਤ ਸਨ। ਇਮੀਗ੍ਰੇਸ਼ਨ,ਰਿਫਊਜ਼ੀਸ ਐਂਡ ਸਿਟੀਜਨਸ਼ਿਪ ਕੈਨੇਡਾ (ਆਈਆਰਸੀਸੀ) ਦਾ ਉਸ ਦੇ ਆਪਣੇ ਗੋਲਬਲ ਕੇਸ ਮੈਨੇਜਮੈਂਟ ਸਿਸਟਮ ਜਿਹੜਾ ਨਾਗਰਿਕਤਾ ਅਤੇ ਪ੍ਰਵਾਸ ਅਰਜ਼ੀਆਂ ਦੀ ਪ੍ਰਕਿਰਿਆ ਲਈ ਇਸ ਵਲੋਂ ਵਿਸ਼ਵ ਭਰ ਵਿਚ ਵਰਤਿਆ ਜਾਂਦਾ ਅੰਦਰੂਨੀ ਸਿਸਟਮ ਹੈ ਇਸ ਫਰਵਰੀ ਵਿਚ 59456 ਅਰਜ਼ੀਆਂ ਨੂੰ ਖੋਲ੍ਹਣ, ਲੰਬਿਤ ਪਏ ਹੋਣ ਜਾਂ ਮੁੜ ਖੋਲ੍ਹਣ ਦਾ ਡਾਟਾ ਦਿਖਾਉਂਦਾ ਹੈ ਜਿਹੜੀਆਂ 779 ਸਾਬਕਾ ਮੁਲਾਜ਼ਮਾਂ ਜਾਂ ਸੁਸਤ ਕੰਪਿਊਟਰ ਪਲੇਸਆਰਡਰ ਕੋਡਸ ਨੂੰ ਸੌਂਪੀਆਂ ਗਈਆਂ ਸਨ ਜਿਹੜੇ ਬਿਨੇਕਾਰਾਂ ਨੂੰ ਕਤਾਰ ਵਿਚ ਰੱਖਣ ਲਈ ਵਰਤੇ ਜਾਂਦੇ ਹਨ। ਵਿਭਾਗ ਨੇ ਸੀਬੀਸੀ ਨੂੰ ਦੱਸਿਆ ਕਿ ਇਕ ਵਾਰ ਯੂਜ਼ਰ ਨੂੰ ਅਕਿਰਿਆਸ਼ੀਲ ਵਜੋਂ ਸੈੱਟ ਕੀਤਾ ਗਿਆ ਹੈ ਜਿਸ ਦਾ ਮਤਲਬ ਉਹ ਹੁਣ ਇਸ ਸਿਸਟਮ ਦੀ ਵਰਤੋਂ ਨਹੀਂ ਕਰ ਰਹੇ ਅਤੇ ਉਨ੍ਹਾਂ ਦੀ ਪਹੁੰਚ ਉਪਲਬਧ ਨਹੀਂ ਹੈ। ਡਾਟਾ ਤੋਂ ਇਹ ਵੀ ਪਤਾ ਲਗਦਾ ਹੈ ਕਿ ਹਰੇਕ ਮੁਲਾਜ਼ਮ ਜਾਂ ਕੋਡ ਨੇ ਆਈਆਰਸੀਸੀ




ਸਿਸਟਮ ਵਿਚ ਕਦੋਂ ਆਖਰ ਵਾਰ ਲੌਗਇਨ ਕੀਤਾ ਸੀ। ਸਭ ਤੋਂ ਪੁਰਾਣਾ ਲੌਗਇਨ 6 ਅਕਤੂਬਰ 2006 ਦਾ ਹੈ ਅਤੇ ਇਸ ਵਿਚ ਇਕ ਅਰਜ਼ੀ ਮਾਂਟਰੀਅਲ ਆਧਾਰਤ ਕੋਡ ਨੂੰ ਸੌਂਪੀ ਗਈ ਸੀ। 19 ਅਰਜ਼ੀਆਂ ਐਡਮਿੰਟਨ ਵਿਚ ਕੋਡ ਜਾਂ ਮੁਲਾਜ਼ਮ ਨੂੰ ਸੌਂਪੀਆਂ ਗਈਆਂ ਸਨ ਜਿਸ ਨੇ ਆਖਰੀ ਵਾਰ 9 ਮਈ 2007 ਨੂੰ ਲੌਗਇਨ ਕੀਤਾ ਸੀ। ਇਮੀਗ੍ਰੇਸ਼ਨ ਵਕੀਲ ਤੇ ਪ੍ਰੋਫੈਸਰ ਜੈਮੀ ਲਿਉ ਨੇ ਕਿਹਾ ਕਿ ਇਹ ਚਿੰਤਾਜਨਕ ਹੈ ਅਤੇ ਇਹ ਪਾਰਦਰਸ਼ਤਾ ਬਾਰੇ ਸਵਾਲ ਉਠਾਉਂਦਾ ਹੈ। ਇਸ ਸਾਲ ਦੇ ਸ਼ੁਰੂ ਵਿਚ ਸੀਬੀਸੀ ਨੇ ਇਮੀਗ੍ਰੇਸ਼ਨ ਅਨਿਸ਼ਚਤਤਾ ਵਿਚ ਫਸੇ ਕਈ ਲੋਕਾਂ ਦੀਆਂ ਕਹਾਣੀਆਂ ਜੱਗ ਜ਼ਾਹਿਰ ਕੀਤੀਆਂ ਸਨ ਜਿਨ੍ਹਾਂ ਦੀਆਂ ਅਰਜ਼ੀਆਂ ਇਕੋ ਆਈਆਰਆਰਸੀ ਅਫਸਰ ਨੂੰ ਸੌਂਪੀਆਂ ਗਈਆਂ ਸਨ ਜਿਨ੍ਹਾਂ ਨੂੰ ਉਹ ਕੇਵਲ ਡੀਐਮ10032 ਕਰਕੇ ਜਾਣਦੇ ਸਨ ਜਿਸ ਨੇ ਬਹੁਤੀਆਂ ਅਰਜ਼ੀਆਂ ਨੂੰ ਕਈ ਸਾਲ ਤਕ ਹੱਥ ਨਹੀਂ ਲਾਇਆ। ਇਹ ਮਾਮਲਾ ਜਨਤਕ ਹੋਣ ਪਿੱਛੋਂ ਕੁਝ ਮਹੀਨਿਆਂ ਵਿਚ ਉਨ੍ਹਾਂ ਦੀਆਂ ਫਾਈਲਾਂ ਦੀ ਮਹੱਤਵਪੂਰਣ ਹਿਲਜੁਲ ਦੇਖਣ ਨੂੰ ਮਿਲੀ ਸੀ। ਇਹ ਅਕਿਰਿਆਸ਼ੀਲ ਕੋਡ ਕੈਨੇਡੀਅਨ ਹਵਾਈ ਅੱਡਿਆਂ, ਸਰਹੱਦੀ ਬੰਦਰਗਾਹਾਂ ਅਤੇ ਅਮਰੀਕਾ, ਫਿਲਪਾਈਨ, ਭਾਰਤ, ਹੈਤੀ ਪੋਲੈਂਡ, ਬ੍ਰਾਜ਼ੀਲ ਅਤੇ ਟਿਊਨੀਸ਼ੀਆ ਸਮੇਤ ਬਹੁਤ ਸਾਰੇ ਦੇਸ਼ਾਂ ਵਿਚ ਦੂਤਘਰਾਂ ਤੇ ਕੌਂਸਲਖਾਨਿਆਂ ਨਾਲ ਸਬੰਧਤ ਹਨ। ਸਭ ਤੋਂ ਵੱਧ ਅਰਜ਼ੀਆਂ 9540 ਕੋਡ ਐਸਐਮ10353 ਕੋਲ ਫਸੀਆਂ ਹੋਈਆਂ ਹਨ। ਇਹ ਸਾਬਕਾ ਮੁਲਾਜ਼ਮ ਜਾਂ ਪਲੇਸਹੋਲਡਰ ਸਿਡਨੀ ਆਧਾਰਤ ਸੀ ਜਿਸ ਨੇ 23 ਮਾਰਚ 2021 ਨੂੰ ਸਿਸਟਮ ਦੀ ਵਰਤੋਂ ਕੀਤੀ ਸੀ। ਆਈਆਰਸੀਸੀ ਦੇ ਬੁਲਾਰੇ ਨੇ ਦੱਸਿਆ ਕਿ ਇਹ ਯੂਜ਼ਰ ਕੋਡ ਵਿਲੱਖਣ ਆਈਡੀ ਹੁੰਦਾ ਹੈ। ਇਕ ਵਾਰ ਸੌਂਪੇ ਜਾਣ ਪਿੱਛੋਂ ਉਸ ਕੋਡ ਦੀ ਕੋਈ ਹੋਰ ਯੂਜ਼ਰ ਵਰਤੋਂ ਨਹੀਂ ਕਰ ਸਕਦਾ। ਜੇਕਰ ਯੂਜ਼ਰ ਨੂੰ ਜੀਸੀਐਮਐਸ ਦੀ ਵਰਤੋਂ ਕਰਨ ਦੀ ਲੋੜ ਨਾ ਰਹੇ ਤਾਂ ਕੋਡ ਅਕਿਰਿਆਸ਼ੀਲ ਹੋ ਜਾਵੇਗਾ।

## ਇਕ ਲੱਖ ਡਾਲਰ ਦੇ ਖਾਣੇ ਦੇ ਬਿੱਲ ਪਿੱਛੋਂ ਹੁਣ ਸਰਕਾਰੀ ਜਹਾਜ਼ਾਂ ਵਿਚ ਵੰਨ-ਸੁਵੰਨੇ ਭੋਜਨ ਨਹੀਂ ਮਿਲਣਗੇ-ਅਧਿਕਾਰੀ

ਓਟਵਾ-ਗਵਰਨਰ ਜਨਰਲ ਦੇ ਤਾਜ਼ਾ ਦੌਰੇ ਜਿਸ ਦੌਰਾਨ ਖਾਣੇ-ਪੀਣ 'ਤੇ ਇਕ ਲੱਖ ਡਾਲਰ ਤੋਂ ਵੀ ਜ਼ਿਆਦਾ ਖਰਚ ਕੀਤੇ ਗਏ ਜਿਸ ਵਿਚ ਇਕ ਹਜ਼ਾਰ ਡਾਲਰ ਮੁੱਲ ਦੇ ਨਿੰਬੂ ਸ਼ਾਮਿਲ ਹਨ ਪਿੱਛੋਂ ਉਡਾਨਾਂ 'ਤੇ ਖਾਣੇ ਦਾ ਬਿੱਲ ਘਟਾਉਣ ਲਈ ਹੈਰਾਨ ਹੋਏ ਐਮਪੀਜ਼ ਕੋਲ ਕਈ ਨਵੇਂ ਉਪਾਵਾਂ ਦਾ ਖੁਲਾਸਾ ਕੀਤਾ ਗਿਆ ਜਿਸ ਵਿਚ ਇਕ ਉਪਾਅ ਸਰਕਾਰੀ ਜਹਾਜ਼ਾਂ ਵਿਚ ਵੰਨ-ਸਵੰਨਾ ਖਾਣਾ ਨਾ ਪਰੋਸਣ ਦੀ ਗੱਲ ਵੀ ਸ਼ਾਮਿਲ ਹੈ। ਸਰਕਾਰੀ ਆਪਰੇਸ਼ਨਾਂ ਬਾਰੇ ਕਮੇਟੀ ਦੇ ਨਿਰਾਸ਼ ਐਮਪੀਜ਼ ਨੂੰ ਕੈਨੇਡਾ ਦੇ ਚੀਫ਼ ਪ੍ਰੋਟੋਕੋਲ ਸਟੇਵਾਰਟ ਵੀਲ੍ਹਰ ਨੇ ਦੱਸਿਆ ਕਿ ਅਸੀਂ ਮੰਨਦੇ ਹਾਂ ਕਿ ਸਾਡੇ ਕੋਲ ਉਸ ਕਿਸਮ ਦੀ ਨਿਗਰਾਨੀ ਤੇ ਕੰਟਰੋਲ ਕਰਨ ਵਾਲਾ ਸਿਸਟਮ ਨਹੀਂ ਜਿਸ ਦੇ ਕੈਨੇਡੀਅਨ ਟੈਕਸਦਾਤਾ ਹੱਕਦਾਰ ਹਨ। ਉਹ ਪੰਜ ਸਰਕਾਰੀ ਸੰਗਠਨਾਂ ਦੇ 6 ਉਚ ਦਰਜੇ ਵਾਲੇ ਸਰਕਾਰੀ ਅਧਿਕਾਰੀਆਂ ਵਿਚੋਂ ਇਕ ਹੈ ਜਿਸ ਨੂੰ ਇਹ ਸਪਸ਼ਟ ਕਰਨ ਲਈ ਬੁਲਾਇਆ ਗਿਆ ਸੀ ਕਿ ਗਵਰਨਰ ਜਨਰਲ ਮੈਰੀ ਸਾਈਮਨ ਤੇ 29 ਮਹਿਮਾਨਾਂ ਦੇ 16 ਮਾਰਚ ਤੋਂ 23 ਮਾਰਚ 2022 ਤਕ 8 ਦਿਨ ਦੇ ਯੂਰਪ ਤੇ ਮੱਧ ਪੂਰਬ ਦੇ ਦੌਰੇ ਸਮੇਂ ਛੇ ਅੰਕਾਂ ਵਾਲਾ ਖਾਣੇ ਦਾ ਬਿੱਲ ਕਿਉਂ ਬਣਿਆਂ ਸੀ। ਇਸ ਬਾਰੇ ਸਭ ਤੋਂ ਪਹਿਲਾਂ ਜੂਨ ਵਿਚ ਨੈਸ਼ਨਲ ਪੋਸਟ ਨੇ ਰਿਪੋਰਟ ਛਾਪੀ ਸੀ। ਇਸ ਦੌਰੇ 'ਤੇ ਕੁਲ 15 ਲੱਖ ਡਾਲਰ ਦਾ ਖਰਚ ਆਇਆ ਸੀ। ਕਮੇਟੀ ਮੈਂਬਰਾਂ ਨੇ ਸਤੰਬਰ ਵਿਚ ਹੈਰਾਨ ਕਰਨ ਵਾਲੇ ਬਿੱਲ ਨੂੰ ਲੈ ਕੇ ਕਈ ਸਰਕਾਰੀ ਅਧਿਕਾਰੀਆਂ ਦੀ ਖਿਚਾਈ ਕੀਤੀ ਸੀ ਅਤੇ ਸਵੀਕਾਰ ਕੀਤਾ ਕਿ ਖਰਚ ਨਾਲ ਸਬੰਧਤ ਕੁਝ ਸਮੱਸਿਆਵਾਂ ਹਨ ਅਤੇ ਸਮੁੱਚਾ ਖਰਚ ਸਵੀਕਾਰਯੋਗ ਨਹੀਂ।

# ਸਿਹਤ ਸੰਭਾਲ ਸੰਕਟ ਨੂੰ ਲੈ ਕੇ ਜਗਮੀਤ ਸਿੰਘ ਵਲੋਂ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਤੋਂ ਬਾਹਰ ਆਉਣ ਦੀ ਧਮਕੀ



ਓਟਵਾ-ਐਨਡੀਪੀ ਦੇ ਨੇਤਾ ਜਗਮੀਤ ਸਿੰਘ ਨੇ ਕਿਹਾ ਕਿ ਜੇਕਰ ਸਿਹਤ ਸੰਭਾਲ ਸੰਕਟ ਨੂੰ ਹੱਲ ਕਰਨ ਲਈ ਫੈਡਰਲ ਸਰਕਾਰ ਕੋਈ ਕਾਰਵਾਈ ਨਹੀਂ ਕਰਦੀ ਤਾਂ ਉਨ੍ਹਾਂ ਦੀ ਪਾਰਟੀ ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਨੂੰ ਵਾਪਸ ਲੈਣ ਲਈ ਤਿਆਰ ਹੈ ਜਿਸ 'ਤੇ ਉਸ ਨੇ ਲਿਬਰਲਜ਼ ਨਾਲ ਦਸਤਖ਼ਤ ਕੀਤੇ ਸਨ। ਇਸ ਸਮਝੌਤੇ ਤਹਿਤ 2025 ਤੋਂ ਪਹਿਲਾਂ ਚੋਣਾਂ ਤੋਂ ਬਚਣ ਲਈ ਐਨਡੀਪੀ ਹਾਊਸ ਆਫ ਕਾਮਨਜ਼ ਵਿਚ ਮੁੱਖ ਮਤਿਆਂ 'ਤੇ ਘੱਟਗਿਣਤੀ ਸਰਕਾਰ ਦਾ ਸਮਰਥਨ ਕਰਦੀ ਹੈ। ਇਸ ਦੇ ਜਵਾਬ ਵਿਚ ਲਿਬਰਲਜ਼ ਨੇ ਐਨਡੀਪੀ ਦੀਆਂ ਕਈ ਤਰਜੀਹਾਂ ਵਿਚ ਪ੍ਰਗਤੀ ਕਰਨ ਦਾ ਵਾਅਦਾ ਕੀਤਾ ਸੀ ਜਿਸ ਵਿਚ ਸਿਹਤ ਸੰਭਾਲ ਵੀ ਸ਼ਾਮਿਲ ਹੈ। ਸਮਝੌਤੇ ਵਿਚ ਕੁਝ ਸ਼ਰਤਾਂ ਬਹੁਤ ਖ਼ਾਸ ਹਨ, ਪਾਰਟੀ ਦੇ ਸਿਹਤ ਸੰਭਾਲ ਬਾਰੇ ਸਮਝੌਤੇ ਵਿਚ ਵਾਧੂ ਨਿਵੇਸ਼ ਦੀ ਗੱਲ ਸ਼ਾਮਿਲ ਹੈ ਪਰ ਇਸ ਲਈ ਕੋਈ ਸਮੇਂ ਦੀ ਹੱਦ ਜਾਂ ਡਾਲਰਾਂ ਦੇ ਅੰਕੜਿਆਂ ਦਾ ਜ਼ਿਕਰ ਨਹੀਂ। ਜਗਮੀਤ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਜੇਕਰ ਸਾਨੂੰ ਸਿਹਤ ਸੰਭਾਲ ਨੂੰ ਲੈ ਕੇ ਕੋਈ ਕਾਰਵਾਈ ਹੁੰਦੀ ਨਾ ਦਿਸੀ ਤਾਂ ਅਸੀਂ ਆਪਣੀ ਹਮਾਇਤ ਵਾਪਸ ਲੈਣ ਦਾ ਹੱਕ ਰੱਖਦੇ ਹਾਂ। ਇਹ ਗੰਭੀਰਤਾ ਦਾ ਪੱਧਰ ਹੈ ਅਤੇ ਅਸੀਂ ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰ ਸਕਦੇ ਹਾਂ। ਸਾਨੂੰ ਕਾਰਵਾਈ ਦੇਖਣ ਦੀ ਲੋੜ ਹੈ। ਸਿੰਘ ਨੇ ਦੱਸਿਆ ਕਿ ਉਹ ਦੇਸ਼ ਭਰ ਵਿਚ ਬੱਚਿਆਂ ਦੇ ਹਸਪਤਾਲਾਂ ਵਿਚ ਵਧ ਰਹੀਆਂ ਸਮੱਸਿਆਵਾਂ ਤੋਂ ਚਿੰਤਤ ਹੈ।









## ਬਰੈਂਪਟਨ 'ਚ ਕਤਲ ਹੋਈ ਮੁਟਿਆਰ ਦਾ ਉਸਦੇ ਪਿੰਡ ਕੁਲਾਹੜ....

ਸਫ਼ਾ 1 ਦੀ ਬਾਕੀ

ਤਰ੍ਹਾਂ ਦੀ ਮੌਤ ਮਿਲੇਗੀ। ਦੋ ਭੈਣਾਂ ਵਿਚੋਂ ਵੱਡੀ ਪਵਨਪ੍ਰੀਤ ਮਾਪਿਆਂ ਦੀ ਗਰੀਬੀ ਦੂਰ ਕਰਨ ਅਤੇ ਆਪਣੀ ਛੋਟੀ ਭੈਣ ਦੇ ਸੁਨਹਿਰੇ ਭਵਿੱਖ ਦਾ ਸੁਪਨਾ ਲੈ ਕੇ ਕੈਨੇਡਾ ਗਈ ਸੀ। ਉਸ ਨੇ ਪਹਿਲਾ ਸਮੈਸਟਰ ਪੂਰਾ ਕਰਨ ਤੋਂ ਬਾਅਦ ਵਿਆਹ ਕਰਵਾ ਲਿਆ ਸੀ ਪਰ ਤਕਨੀਕੀ ਕਾਰਨਾਂ ਕਰਕੇ ਉਸ ਦੇ ਪਤੀ ਦਾ ਵੀਜ਼ਾ ਨਾ ਲੱਗ ਸਕਿਆ। ਆਪਣੀ ਧੀ ਨੂੰ ਕੈਨੇਡਾ ਭੇਜਣ ਦੇ ਫੈਸਲੇ 'ਤੇ ਪਛਤਾਉਂਦਿਆਂ ਪ੍ਰਾਈਵੇਟ ਡਰਾਈਵਰੀ ਕਰਦੇ ਪਿਤਾ ਦਵਿੰਦਰ ਸਿੰਘ ਨੇ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਕੈਨੇਡਾ ਸਰਕਾਰ 'ਤੇ ਜ਼ੋਰ ਪਾ ਕੇ ਉਸ ਦੀ ਧੀ ਦੇ ਕਾਤਲ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਜਿਸ ਢੰਗ ਨਾਲ ਉਹ ਆਪਣੀ ਬੇਟੀ ਦੀ ਅਣਆਈ ਮੌਤ 'ਤੇ ਰੋ ਰਹੇ ਹਨ ਉਸੇ ਤਰ੍ਹਾਂ ਉਸ ਦੇ (ਕਾਤਲ) ਦੇ ਮਾਪੇ ਵੀ ਉਸ ਨੂੰ ਫਾਂਸੀ ਲੱਗਣ ਤੋਂ ਬਾਅਦ ਤੜਫਣ। ਦੱਸਣਯੋਗ ਹੈ ਕਿ ਕੈਨੇਡਾ ਪੁਲੀਸ ਅਨੁਸਾਰ ਸ਼ੱਕੀ ਵਿਅਕਤੀ ਸੀਸੀਟੀਵੀ ਫੁਟੇਜ ਵਿੱਚ ਸਾਈਕਲ ਉੱਪਰ ਘੁੰਮਦਾ ਪਾਇਆ ਗਿਆ ਸੀ ਅਤੇ ਪੁਲੀਸ ਨੇ ਲੋਕਾਂ ਨੂੰ ਮੁਲਜ਼ਮ ਨੂੰ ਫੜਨ ਵਿੱਚ ਮਦਦ ਲਈ ਅਪੀਲ ਵੀ ਕੀਤੀ ਹੈ।

# ਗ਼ਜ਼ਲ ਮੰਚ ਸਰੀ ਨੇ ਸਾਲ 2022 ਦੀ ਆਖਰੀ ਮੀਟਿੰਗ 'ਤੇ ਸਜਾਈ ਸ਼ਾਇਰਾਨਾ ਮਹਿਫ਼ਿਲ

ਸਰੀ, (ਹਰਦਮ ਮਾਨ)- ਗ਼ਜ਼ਲ ਮੰਚ ਸਰੀ ਦੀ ਸਾਲ 2022 ਦੀ ਆਖਰੀ ਮੀਟਿੰਗ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਚ ਦੀਆਂ ਸਾਲ ਭਰ ਦੀਆਂ ਸਰਗਰਮੀਆਂ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਆਉਣ ਵਾਲੇ ਸਾਲ ਵਿਚ ਕੀਤੇ ਜਾਣ ਵਾਲੇ ਸਮਾਗਮਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਾਰੇ ਮੈਂਬਰਾਂ ਵੱਲੋਂ ਮੰਚ ਦੇ ਸਲਾਨਾ ਪ੍ਰੋਗਰਾਮ ਦੀ ਸਫਲਤਾ ਉਪਰ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਉਪਰੰਤ ਸ਼ਿਅਰੋ ਸ਼ਾਇਰੀ ਦਾ ਦੌਰ ਚੱਲਿਆ ਅਤੇ ਸਾਰੇ ਸ਼ਾਇਰਾਂ ਵੱਲੋਂ ਆਪਣੀਆਂ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ। **ਸ਼ਾਇਰਾਨਾ ਮਹਿਫ਼ਿਲ ਦਾ ਆਗਾਜ਼ ਪੰਜਾਬੀ ਅਤੇ ਉਰਦੂ ਦੇ ਸ਼ਾਇਰ ਦਸਮੇਸ਼ ਗਿੱਲ ਦੇ ਉਰਦੂ ਰੰਗ ਨਾਲ ਹੋਇਆ-**

ਸੋਚੂੰ, ਮੈਂ ਜਬ ਭੀ ਦੇਖੂੰ ਤੇਰੀ ਉਦਾਸ ਆਂਖੇਂ
ਇਤਨੇ ਹੁਸੀਨ ਰੁਖ਼ ਪਰ ਇਤਨੀ ਉਦਾਸ ਆਂਖੇਂ
ਉਠੂੰ ਤੋ ਘੂਰਤੇ ਹੈਂ ਸੂਨੇ ਮਕਾਂ ਕੇ ਦੀਦੇ
ਲੇਟੂੰ ਤੋ ਚੁਭ ਰਹੀ ਹੈਂ ਛਤ ਕੀ ਉਦਾਸ ਆਂਖੇਂ

**ਫਿਰ ਸ਼ਾਇਰ ਕ੍ਰਿਸ਼ਨ ਭਨੋਟ ਆਪਣਾ ਉਸਤਾਦੀ ਰੰਗ ਲੈ ਕੇ ਹਾਜ਼ਰ ਹੋਏ-**

ਜਣੇ ਖਣੇ ਨੇ ਕੀ ਭਲਾ ਕਿਸੇ ਦਾ ਕੱਦ ਮਾਪਣਾ
ਜਣਾ ਖਣਾ ਮੈਂ ਆਪ ਹਾਂ, ਜਣਾ ਖਣਾ ਹੀ ਆਪਣਾ

**ਫੇਰ ਵਾਰੀ ਆਈ ਦਵਿੰਦਰ ਗੌਤਮ ਦੀ। ਵਕਤ ਦੀ ਗੱਲ ਕਰਦਾ ਹੋਇਆ ਉਹ ਕਹਿ ਰਿਹਾ ਸੀ-**

ਕਦੋਂ ਕਿਨਾ ਕਿਵੇਂ ਹੋਇਆ ਕੋਈ ਬਰਬਾਦ ਏਥੇ
ਪਤਾ ਹੁੰਦਿਆਂ ਵੀ ਰਖਦਾ ਕੋਈ ਵਕਤ ਨਾ ਯਾਦ ਏਥੇ

**ਹਰਦਮ ਮਾਨ ਆਪਣਾ ਸ਼ਿਕਵਾ ਲੇਖਕਾਂ ਦੇ ਨਾਮ ਕਰ ਰਿਹਾ ਸੀ-**

ਕਦੇ ਸ਼ਿਕਵਾ ਕੋਈ ਖਿਫਗੀ ਹਵਾ ਦੇ ਨਾਮ ਨਾ ਲਿਖਿਆ
ਸਮੇਂ ਦੇ ਪੰਨਿਆਂ 'ਤੇ ਸੱਚ ਦਾ ਪੈਗ਼ਾਮ ਨਾ ਲਿਖਿਆ









**ਸ਼ਾਇਰ ਪ੍ਰੀਤ ਮਨਪ੍ਰੀਤ ਦੇ ਖ਼ਿਆਲ ਤਪਦੀਆਂ ਪੈੜਾ ਦੇ ਰੂਬਰੂ ਹੋ ਰਹੇ ਸਨ-**

ਕਿਤੇ ਪਹੁੰਚਣ ਲਈ ਜੋ ਰਾਹ ਫੜੇ ਸਨ,
ਉਨ੍ਹਾਂ ਰਾਹਾਂ ਨੇ ਸਾਨੂੰ ਫੜ ਲਿਆ ਹੈ
ਚਲੋ ਹੁਣ ਤਪਦੀਆਂ ਪੈੜਾਂ ਨੂੰ ਮਿਲੀਏ,
ਬਥੇਰਾ ਛਾਂ 'ਚ ਬਹਿ ਕੇ ਸੜ ਲਿਆ ਹੈ

**ਗੁਰਮੀਤ ਸਿੱਧੂ ਨੇ ਆਪਣੇ ਭਾਵਪੂਰਤ ਸ਼ਿਅਰਾਂ ਨਾਲ ਮਹਿਫ਼ਿਲ 'ਚ ਰੰਗ ਭਰਿਆ-**

ਵਿਛੋੜਾ ਪੈ ਗਿਆ ਤਾਂ ਅਫਸੋਸ ਕਾਹਦਾ,
ਮਿਲਾਂਗੇ ਫਿਰ ਇਹ ਦਿਲ ਵਿਚ ਆਸ ਮਚਲੇ
ਵਰ੍ਹੇਗਾ ਮੇਘ ਇਕ ਦਿਨ ਮਾਰੂਥਲ ਤੇ,
ਅਜੇ ਵੀ ਕਿਣਕਿਆਂ ਵਿਚ ਪਿਆਸ ਮਚਲੇ

**ਰਾਜਵੰਤ ਰਾਜ ਨੇ ਆਪਣੇ ਦਿਲਕਸ਼ ਅੰਦਾਜ਼ ਵਿਚ ਦਿਲ ਦੀਆਂ ਤਰੰਗਾਂ ਛੇੜ ਕੇ ਮਹਿਫ਼ਿਲ ਨੂੰ ਸਿਖਰ ਤੇ ਪੁਚਾਇਆ-**

ਅਵਾਰਾ ਖ਼ਾਬ ਮੁੜ ਮੁੜ ਕੇ ਸਹੇੜੇ ਜਾ ਰਹੇ ਨੇ
ਹਕੀਕਤ ਵਾਸਤੇ ਤਾਂ ਬਾਰ ਭੇੜੇ ਜਾ ਰਹੇ ਨੇ
ਗਲੀ ਵਿਚ ਫਿਰ ਦੁਬਾਰਾ ਛਣਕੀਆਂ ਓਹੀ ਪਜ਼ੇਬਾਂ
ਮੇਰੇ ਅਰਮਾਨ ਹੀ ਗਿਣ ਮਿਥ ਕੇ ਛੇੜੇ ਜਾ ਰਹੇ ਨੇ




BADH Accounting Services
32 Years Experience in Accounting
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC


# ਕੋਕੁਇਟਲਮ ਵਿਚ ਸੈਂਕੜੇ ਮੱਛੀਆਂ ਮਾਰਨ ਵਾਲਾ ਪ੍ਰਦੂਸ਼ਤ ਪਾਣੀ ਛੱਡਣ ਵਾਲੇ ਠੇਕੇਦਾਰ ਨੂੰ 2.8 ਮਿਲੀਅਨ ਡਾਲਰ ਦਾ ਜ਼ੁਰਮਾਨਾ

ਐਡਮਿੰਟਨ-2017 ਵਿਚ ਕੋਕੁਇਟਲਮ ਅਤੇ ਸਰੀ ਵਿਚ ਸਾਲਮਨ ਪੈਦਾ ਕਰਨ ਵਾਲੀਆਂ ਕਰੀਕਸ ਵਿਚ ਪ੍ਰਦੂਸ਼ਤ ਪਾਣੀ ਛੱਡਣ ਵਾਲੇ ਇਕ ਉਸਾਰੀ ਠੇਕੇਦਾਰ ਨੂੰ 2.8 ਮਿਲੀਅਨ ਡਾਲਰ ਦਾ ਜ਼ੁਰਮਾਨਾ ਭਰਨ ਦਾ ਹੁਕਮ ਦਿੱਤਾ ਗਿਆ ਹੈ। ਅਲਬਰਟਾ ਵਿਚ ਨਿਸਕੂ ਆਧਾਰਤ ਉਸਾਰੀ ਠੇਕੇਦਾਰ ਮਾਈਕਲਜ਼ ਕੈਨੇਡਾ ਕੰਪਨੀ ਨੂੰ ਫਿਸ਼ਰੀਜ਼ ਐਕਟ ਤਹਿਤ ਦੋ ਦੋਸ਼ਾਂ ਵਿਚ ਆਪਣਾ ਕਸੂਰ ਸਵੀਕਾਰ ਕਰਨ ਪਿੱਛੋਂ ਜ਼ੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ ਹੈ। ਇਨਵਾਇਰਨਮੈਂਟ ਐਂਡ ਕਲਾਈਮੇ ਚੇਂਜ (ਈਸੀਸੀਸੀ) ਨੇ ਇਕ ਬਿਆਨ ਵਿਚ ਕਿਹਾ ਕਿ ਇਨ੍ਹਾਂ ਕਰੀਕਸ ਵਿਚ ਸਾਲਮਨ ਸਾਰਾ ਸਾਲ ਰਹਿੰਦੇ ਹਨ ਅਤੇ ਗਰਮੀਆਂ ਦੇ ਘੱਟ ਵਹਾਅ ਅਤੇ ਗਰਮ ਮੌਸਮ ਦੌਰਾਨ ਇਨ੍ਹਾਂ ਕਰੀਕਸ ਵਿਚ ਬਾਲ ਸਾਲਮਨਾਂ ਦੀ ਮੌਜੂਦਗੀ ਇਸ ਨਿਵਾਸ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ। ਕੰਪਨੀ ਦੋਵਾਂ ਸ਼ਹਿਰਾਂ ਵਿਚ ਹੋਰੀਜੈਂਟਲ ਦਿਸ਼ਾ ਵਾਲੀ ਬੋਰਿੰਗ ਕਰ ਰਹੀ ਸੀ ਅਤੇ ਜਦੋਂ ਹੋਰ ਤਰੀਕੇ ਅਸੰਭਵ ਹੋ ਜਾਣ ਤਾਂ ਜਲ ਮਾਰਗਾਂ, ਸੜਕਾਂ ਅਤੇ ਰੇਲ ਪਟੜੀਆਂ ਹੇਠਾਂ ਦੀ ਸੁਰੰਗਾਂ ਕੱਢਣ ਲਈ ਖੁਦਾਈ ਕੀਤੀ ਜਾਂਦੀ ਹੈ। ਤਲਛੱਟ ਨਾਲ ਭਰਿਆ ਪਾਣੀ ਜਿਹੜਾ ਬੋਰ ਕਰਨ ਨਾਲ ਪੈਦਾ ਹੁੰਦਾ ਹੈ 17 ਅਗਸਤ ਨੂੰ ਕੋਕੁਇਟਲਮ ਵਿਚ ਸਟੌਰਮ ਸੀਵਰੇਜ ਸਿਸਟਮ ਰਾਹੀਂ ਛੱਡਿਆ ਗਿਆ ਸੀ ਅਤੇ ਇਹ ਆਖਰਕਾਰ ਕੇਪ ਹੋਰਨ ਕਰੀਕ ਵਿਚ ਵਹਿ ਗਿਆ।


ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart & Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

## ਫ਼ੌਜ ਵਿਚ ਜਿਣਸੀ ਦੁਰਵਿਵਹਾਰ ਨਾਲ ਲੜਨ ਲਈ ਰੱਖਿਆ ਮੰਤਰੀ ਆਰਬਰ ਰਿਪੋਰਟ ਦੀਆਂ ਸਾਰੀਆਂ ਸਿਫਾਰਸ਼ਾਂ ਲਾਗੂ ਕਰਨਗੇ

ਓਟਵਾ-ਰੱਖਿਆ ਮੰਤਰੀ ਅਨੀਤਾ ਅਨੰਦ ਨੇ ਕਿਹਾ ਕਿ ਉਹ ਫ਼ੌਜ ਵਿਚ ਜਿਣਸੀ ਦੁਰਵਿਵਹਾਰ ਬਾਰੇ ਰਿਪੋਰਟ ਦੀਆਂ ਸਾਰੀਆਂ ਸਿਫਾਰਸ਼ਾਂ ਲਾਗੂ ਕਰੇਗੀ ਜਿਸ ਵਿਚ ਸਾਰੇ ਜਿਣਸੀ ਹਮਲਿਆਂ ਦੇ ਮਾਮਲੇ ਮਿਲਟਰੀ ਨਿਆਂ ਪ੍ਰਣਾਲੀ ਤੋਂ ਸਿਵਲੀਅਨ ਅਦਾਲਤਾਂ ਨੂੰ ਸੌਂਪਣਾ ਸ਼ਾਮਿਲ ਹੈ ਪਰ ਆਰਬਰ ਨੇ ਕਿਹਾ ਕਿ ਪ੍ਰਕਿਰਿਆ ਬਹੁਤ ਲੰਬੀ ਹੋ ਰਹੀ ਹੈ ਅਤੇ ਉਨ੍ਹਾਂ ਫ਼ੌਜ ਵਿਚ ਜਿਣਸੀ ਦੁਰਵਿਵਹਾਰ ਨਾਲ ਨਜਿੱਠਣ ਲਈ ਸਰਕਾਰ 'ਤੇ ਆਪਣੇ ਪੈਰ ਪਿੱਛੇ ਖਿੱਚਣ ਦਾ ਦੋਸ਼ ਲਗਾਇਆ। ਆਰਬਰ ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ ਦੀ ਨੈਸ਼ਨਲ ਡਿਫੈਂਸ ਕਮੇਟੀ ਸਾਹਮਣੇ ਪੇਸ਼ ਹੋਈ। ਉਸ ਨੇ ਕਿਹਾ ਕਿ ਮੁੱਦੇ ਦੇ ਹੋਰ ਅਧਿਐਨ ਦਾ ਕੋਈ ਕਾਰਨ ਨਹੀਂ ਹੋਣਾ ਚਾਹੀਦਾ ਅਤੇ ਕਾਨੂੰਨ ਵਿਚ ਤਬਦੀਲੀ ਨਾਲ ਸਿਵਲੀਅਨ ਪੁਲਿਸ ਕੋਲ ਮਾਮਲਿਆਂ ਨੂੰ ਸੈਨਿਕ ਨਿਆਂ ਪ੍ਰਣਾਲੀ ਤੋਂ ਲੈਣ ਤੋਂ ਬਿਨ੍ਹਾਂ ਕੋਈ ਰਾਹ ਨਹੀਂ ਬਚੇਗਾ। ਆਪਣੀ ਰਿਪੋਰਟ ਵਿਚ ਆਰਬਰ ਨੇ ਸਵੀਕਾਰ ਕੀਤਾ ਕਿ ਸਿਫਾਰਸ਼ ਵਾਲੀਆਂ ਸਾਰੀਆਂ ਤਬਦੀਲੀਆਂ ਨੂੰ ਪੂਰਾ ਕਰਨ ਲਈ ਕਈ ਸਾਲ ਲੱਗ ਸਕਦੇ ਹਨ ਪਰ ਕਿਹਾ ਕਿ ਸੈਨਿਕ ਨਿਆਂ ਪ੍ਰਣਾਲੀ ਵਿਚੋਂ ਸਾਰੇ ਮਾਮਲਿਆਂ ਨੂੰ ਬਾਹਰ ਕਰਨ ਦੀ ਕਾਰਵਾਈ ਤੁਰੰਤ ਸ਼ੁਰੂ ਕਰਨੀ ਚਾਹੀਦੀ ਹੈ। ਅਨੀਤਾ ਆਨੰਦ ਨੇ ਲਾਗੂ ਕਰਨ ਵਾਲੇ ਐਮਪੀਜ਼ ਨੂੰ ਕਿਹਾ ਕਿ ਸਿਫਾਰਸ਼ਾਂ ਗੁੰਝਲਦਾਰ ਹਨ ਅਤੇ ਉਹ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਇਸ ਨੂੰ ਸਹੀ ਕੀਤਾ ਜਾਵੇ ਨਾ ਕਿ ਤੇਜ਼ੀ ਕੀਤੀ ਜਾਵੇ। ਫ਼ੌਜ ਜਿਣਸੀ ਦੁਰਵਿਵਹਾਰ ਬਾਰੇ ਮਿਲੀਆਂ ਪਿਛਲੀਆਂ ਕਈ ਰਿਪੋਰਟਾਂ 'ਤੇ ਕਾਰਵਾਈ ਕਰਨ ਵਿਚ ਨਾਕਾਮ ਰਹੀ ਹੈ ਪਰ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਅਜਿਹਾ ਦੁਬਾਰਾ ਨਹੀਂ ਵਾਪਰੇਗਾ।

## 'ਪਿਕਸ' ਨੂੰ ਸੋਸ਼ਲ ਇਨੋਵੇਟਰ ਸ਼੍ਰੇਣੀ ਵਿਚ ਕੈਨੇਡਾ ਦਾ ਵਲੰਟੀਅਰ ਪੁਰਸਕਾਰ ਮਿਲਿਆ

ਸਰੀ-ਪ੍ਰੋਗਰੈਸਿਵ ਕਲਚਰਲ ਸੁਸਾਇਟੀ ਸਰਵਸਿਜ਼ (ਪਿਕਸ) ਦੀ ਬ੍ਰਿਟਿਸ਼ ਕੋਲੰਬੀਆ ਅਤੇ ਉੱਤਰੀ ਰੀਜ਼ਨ ਲਈ ਸੋਸ਼ਲ ਇਨੋਵੇਟਰ ਸ਼੍ਰੇਣੀ ਵਿਚ ਕੈਨੇਡਾ ਦੇ ਵਲੰਟੀਅਰ ਐਵਾਰਡਾਂ ਦੇ 2021 ਦੇ ਪ੍ਰਾਪਤ ਕਰਨ ਵਾਲੇ ਵਜੋਂ ਚੋਣ ਕੀਤੀ ਗਈ ਹੈ। ਕੈਨੇਡਾ ਦਾ ਵਲੰਟੀਅਰ ਐਵਾਰਡਜ਼ ਸਮਾਰੋਹ 5 ਦਸੰਬਰ 2022 ਨੂੰ ਓਟਵਾ ਵਿਚ ਹੋਇਆ ਜਿਥੇ ਪਰਿਵਾਰਾਂ, ਬੱਚਿਆਂ ਤੇ ਸਮਾਜਿਕ ਵਿਕਾਸ ਬਾਰੇ ਮੰਤਰੀ ਕਰੀਨਾ ਗਿਲਡ ਨੇ 'ਪਿਕਸ' ਸੁਸਾਇਟੀ ਦੇ ਪ੍ਰਧਾਨ ਤੇ ਸੀਈਓ ਸਤਬੀਰ ਸਿੰਘ ਚੀਮਾ ਅਤੇ ਸੀਨੀਅਰ ਹਾਊਸਿੰਗ ਡਾਇਰੈਕਟਰ ਇੰਦਰਜੀਤ ਸਿੰਘ ਹੁੰਦਲ ਨੂੰ 2021 ਸੋਸ਼ਲ ਇਨੋਵੇਟਰ ਪੁਰਸਕਾਰ ਨਾਲ ਸਨਮਾਨਿਤ ਕੀਤਾ।



## ਸਿਹਤ ਸੰਭਾਲ ਸੁਧਾਰਾਂ ਨੂੰ ਅੱਗੇ ਵਧਾਉਣ ਤੋਂ ਬਿਨਾਂ ਪੈਸੇ ਨਹੀਂ-ਟਰੂਡੋ

ਓਟਵਾ-ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਸਿਸਟਮ ਵਿਚ ਸੁਧਾਰ ਤੋਂ ਬਿਨ੍ਹਾਂ ਸਮੱਸਿਆ ਲਈ ਪੈਸਾ ਨਹੀਂ ਦੇਣਗੇ। ਲਗਦਾ ਹੈ ਕਿ ਕੈਨੇਡਾ ਵਿਚ ਸਿਹਤ ਸੰਭਾਲ ਦੇ ਭਵਿੱਖ ਬਾਰੇ ਸਮਝੌਤਾ ਗੱਲਬਾਤ ਨੂੰ ਲੈ ਕੇ ਫੈਡਰਲ ਤੇ ਸੂਬਾ ਸਰਕਾਰਾਂ ਦੇ ਸਿੰਗ ਫਸ ਗਏ ਹਨ ਅਤੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀਆਂ ਤਾਜ਼ਾ ਟਿੱਪਣੀਆਂ ਤੋਂ ਪਤਾ ਲਗਦਾ ਹੈ ਕਿ ਉਹ ਪਹਿਲ ਨਹੀਂ ਕਰਨਗੇ। ਕੈਨੇਡੀਅਨ ਪ੍ਰੈਸ ਨਾਲ ਸਾਲ ਦੀ ਆਖਰੀ ਮੁਲਾਕਾਤ ਵਿਚ ਟਰੂਡੋ ਨੇ ਕਿਹਾ ਕਿ ਉਹ ਇਸ ਸਥਿਤੀ ਵਿਚ ਸਿਹਤ ਸੰਭਾਲ ਸੁਧਾਰ ਨੂੰ ਹੋਰ ਅੱਗੇ ਵਧਾਉਣ ਲਈ ਤਿਆਰ ਨਹੀਂ ਜਦਕਿ ਸੂਬਿਆਂ ਦੇ ਪ੍ਰੀਮੀਅਰ ਆਪਣੀ ਬਿਮਾਰ ਸਿਹਤ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਲਈ ਹੋਰ ਫੈਡਰਲ ਫੰਡਾਂ ਦੀ ਮੰਗ ਕਰ ਰਹੇ ਹਨ। ਇਹ ਅੜਿੱਕਾ ਉਸ ਸਮੇਂ ਪਿਆ ਹੈ ਜਦੋਂ ਦੇਸ਼ ਭਰ ਵਿਚ ਬੱਚਿਆਂ ਦੇ ਹਸਪਤਾਲ ਸਾਹ ਵਾਲੀਆਂ ਬਿਮਾਰੀਆਂ ਵਾਲੇ ਬੱਚਿਆਂ ਨਾਲ ਭਰੇ ਪਏ ਹਨ। ਕੁਝ ਮਾਮਲਿਆਂ ਵਿਚ ਹਸਪਤਾਲਾਂ ਵਿਚ ਰਿਕਾਰਡ ਗਿਣਤੀ ਵਿਚ ਮਰੀਜ਼ਾਂ ਅਤੇ ਉਨ੍ਹਾਂ ਦਾ ਇਲਾਜ ਕਰਨ ਵਾਲੇ ਸਟਾਫ ਦੀ ਗਿਣਤੀ ਕਾਰਨ ਬਿਪਤਾ ਦੁੱਗਣੀ ਹੋਈ ਪਈ ਹੈ।

## ਚਾਕੂ ਹਮਲੇ ਦੀ ਸ਼ਿਕਾਰ ਔਰਤ ਦੀ ਹਰਪ੍ਰੀਤ ਕੌਰ ਵਜੋਂ ਪਛਾਣ

ਸਰੀ-ਹੋਮੀਸਾਈਡ ਜਾਂਚ ਅਧਿਕਾਰੀਆਂ ਨੇ ਉਸ ਔਰਤ ਦੀ ਪਛਾਣ ਹਰਪ੍ਰੀਤ ਕੌਰ ਵਜੋਂ ਦੱਸੀ ਹੈ ਜਿਸ ਦੀ 7 ਦਸੰਬਰ ਨਿਊਟਨ ਵਿਚ ਚਾਕੂ ਮਾਰੇ ਜਾਣ ਪਿੱਛੋਂ ਮੌਤ ਹੋ ਗਈ ਸੀ। 40 ਸਾਲਾ ਹਰਪ੍ਰੀਤ ਕੌਰ ਨੇ ਚਾਕੂ ਦੇ ਕਈ ਜ਼ਖ਼ਮਾਂ ਪਿੱਛੋਂ ਹਸਪਤਾਲ ਵਿਚ ਦਮ ਤੋੜ ਦਿੱਤਾ ਸੀ। ਸਾਰਜੈਂਟ ਟਿਮੋਥੀ ਪੀਰੋਟੀ ਨੇ ਦੱਸਿਆ ਕਿ 40 ਸਾਲਾ ਵਿਅਕਤੀ ਜਿਹੜਾ ਪੀੜਤ ਨੂੰ ਜਾਣਦਾ ਸੀ ਨੂੰ ਮੌਕੇ 'ਤੇ ਹਿਰਾਸਤ ਵਿਚ ਲਿਆ ਗਿਆ ਸੀ। ਸ਼ੱਕੀ ਨੂੰ 8 ਦਸੰਬਰ ਨੂੰ ਰਿਹਾਅ ਕਰ ਦਿੱਤਾ ਗਿਆ ਸੀ। ਜਾਂਚ ਅਧਿਕਾਰੀ ਲਗਾਤਾਰ ਸਬੂਤ ਇਕੱਤਰ ਕਰ ਰਹੇ ਹਨ ਅਤੇ ਦੋਸ਼ ਦੀ ਮਨਜ਼ੂਰੀ ਲਈ ਕੰਮ ਕਰ ਰਹੇ ਹਨ। ਪੀਰੋਟੀ ਨੇ ਕਿਹਾ ਕਿ ਸਾਡੇ ਜਾਂਚ ਅਧਿਕਾਰੀ ਬਿਨਾਂ ਰੁਕੇ ਕੰਮ ਕਰ ਰਹੇ ਹਨ। ਇਸ ਤਰ੍ਹਾਂ ਦੀਆਂ ਘਟਨਾਵਾਂ ਦਾ ਨਾ ਕੇਵਲ ਪਰਿਵਾਰ ਤੇ ਦੋਸਤਾਂ 'ਤੇ ਮਹੱਤਵਪੂਰਣ ਅਸਰ ਪੈਂਦਾ ਹੈ ਸਗੋਂ ਸਮੁੱਚੇ ਭਾਈਚਾਰੇ 'ਤੇ ਪੈਂਦਾ ਹੈ।

## ਨਾਬਾਲਗ 'ਤੇ ਜਿਣਸੀ ਹਮਲੇ ਹਮਲਾ ਕਰਨ ਵਾਲੇ ਸਕੂਲ ਅਧਿਆਪਕ 'ਤੇ ਜਿੰਦਗੀ ਭਰ ਲਈ ਪਾਬੰਦੀ

ਵੈਨਕੂਵਰ-ਬੀਸੀ ਵਿਚ ਹਾਈ ਸਕੂਲ ਦੇ ਇਕ ਅਧਿਆਪਕ ਜਿਸ ਨੇ ਇਕ ਨਾਬਾਲਗ 'ਤੇ ਜਿਣਸੀ ਹਮਲਾ ਕਰਨ ਵਿਚ ਆਪਣਾ ਕਸੂਰ ਸਵੀਕਾਰ ਕਰ ਲਿਆ 'ਤੇ ਸਕੂਲਾਂ ਵਿਚ ਜਿੰਦਗੀ ਭਰ ਪੜ੍ਹਾਉਣ 'ਤੇ ਪਾਬੰਦੀ ਲਗਾਈ ਗਈ ਹੈ। ਅਧਿਆਪਕ ਜਿਸ ਦਾ ਨਾਂਅ ਨਾਬਾਲਗ ਦੀ ਸ਼ਮੂਲੀਅਤ ਕਾਰਨ ਛਾਪਣ ਦੀ ਮਨਾਹੀ ਹੈ 'ਤੇ ਪੜ੍ਹਾਉਣ ਦਾ ਲਾਇਸੰਸ ਪ੍ਰਾਪਤ ਕਰਨ ਲਈ ਜਿੰਦਗੀ ਭਰ ਲਈ ਪਾਬੰਦੀ ਲਗਾ ਦਿੱਤੀ ਗਈ। ਬੀਸੀ ਕਮਿਸ਼ਨਰ ਫਾਰ ਟੀਚਰ ਰੈਗੂਲੇਸ਼ਨ ਦੇ ਫ਼ੈਸਲੇ ਵਿਚ ਕਿਹਾ ਗਿਆ ਹੈ ਕਿ ਇਹ ਪਤਾ ਲੱਗਣ ਪਿੱਛੋਂ ਅਕਤੂਬਰ 2018 ਵਿਚ ਉਸ ਨੂੰ ਸਕੂਲ ਡਿਸਟ੍ਰਿਕਟ ਤੋਂ ਮੁਅੱਤਲ ਕਰ ਦਿੱਤਾ ਸੀ ਕਿ ਉਸ ਨੇ ਇਕ ਸਾਬਕਾ ਵਿਦਿਆਰਥੀ ਨਾਲ ਅਣਉਚਿੱਤ ਨੇੜਲੇ ਸਬੰਧ ਬਣਾ ਕੇ ਪੇਸ਼ਾਵਰ ਹੱਦਾਂ ਦੀ ਉਲੰਘਣਾ ਕੀਤੀ ਹੈ। ਅਧਿਆਪਕ ਕਿੰਡਰਗਾਰਟਨ ਤੋਂ 12 ਵੀਂ ਕਲਾਸ ਤਕ ਸਰਕਾਰੀ ਜਾਂ ਇੰਡੀਪੈਂਡੈਂਟ ਸਕੂਲਾਂ ਵਿਚ ਪੜਾਉਣ ਲਈ ਸਰਟੀਫਿਕੇਟ ਕਦੇ ਵੀ ਅਪਲਾਈ ਨਾ ਕਰਨ ਲਈ ਸਹਿਮਤ ਹੋ ਗਿਆ ਸੀ।

## ਟਰੈਫਿਕ ਸਟਾਫ ਦੌਰਾਨ ਇਕ ਵਿਅਕਤੀ ਨੇ ਆਪਣੇ ਆਪ ਨੂੰ ਗੋਲੀ ਮਾਰੀ-ਪੁਲਿਸ ਵਾਚਡੌਗ ਵਲੋਂ ਜਾਂਚ

ਸਰੀ-ਗਿਲਡਫੋਰਡ ਵਿਚ 152ਵੀਂ ਸਟਰੀਟ ਅਤੇ 100 ਐਵੀਨਿਊ ਵਿਖੇ ਸਨਿਚਰਵਾਰ ਸ਼ਾਮ 2.18 ਵਜੇ ਵਾਪਰੀ ਘਟਨਾ ਦੀ ਸੂਬਾ ਪੁਲਿਸ ਵਾਚਡੋਗ ਜਾਂਚ ਕਰ ਰਿਹਾ ਹੈ ਜਿਸ ਵਿਚ ਇਕ ਪੁਲਿਸ ਅਫਸਰ ਵਲੋਂ ਰੋਕੇ ਜਾਣ ਪਿੱਛੋਂ ਇਕ ਵਿਅਕਤੀ ਨੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਇੰਡੀਪੈਂਡੈਂਟ ਇਨਵੈਸਟੀਗੇਸ਼ਨਸ ਆਫਿਸ ਨੇ ਇਕ ਬਿਆਨ ਵਿਚ ਦੱਸਿਆ ਕਿ ਗੋਲੀਬਾਰੀ ਦੀ ਘਟਨਾ ਪੁਲਿਸ ਟਰੈਫਿਕ ਸਟਾਪ ਦੌਰਾਨ ਵਾਪਰੀ ਸੀ। ਆਈਆਈਓ ਨੇ ਦੱਸਿਆ ਕਿ ਡਰਾਈਵਰ ਨੂੰ ਗੰਭੀਰ ਹਾਲਤ ਵਿਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ ਜਿਸ ਦੇ ਬਚਣ ਦੀ ਕੋਈ ਆਸ ਨਹੀਂ। ਘਟਨਾ ਵਾਲੀ ਥਾਂ 'ਤੇ ਕਈ ਘੰਟੇ ਆਵਾਜਾਈ ਬੰਦ ਰਹੀ। ਆਈਆਈਓ ਇਸ ਗੱਲ ਦੀ ਜਾਂਚ ਕਰ ਰਿਹਾ ਹੈ ਕਿ ਗੋਲੀਬਾਰੀ ਵਿਚ ਪੁਲਿਸ ਵਲੋਂ ਕਾਰਵਾਈ ਕਰਨ ਜਾਂ ਨਾ ਕਰਨ ਦੀ ਗੱਲ ਨੇ ਭੂਮਿਕਾ ਨਿਭਾਈ ਹੈ ਜਾਂ ਨਹੀਂ।

ਓਸ਼ਨ ਵਿਊ ਫਿਸ਼ ਕੈਨਰੀ
OCEAN VIEW FISH CANNERY
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਹਾਊਸ ਆਫ ਕਾਮਨਜ਼ ਦਾ ਛੁੱਟੀਆਂ ਲਈ ਸੈਸ਼ਨ ਉਠਾਇਆ

ਓਟਵਾ-ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ ਕਾਮਨਜ਼ ਦੇ ਪੱਤਝੜ ਵਾਲੇ ਇਜਲਾਸ ਨੂੰ ਇਹ ਕਹਿ ਕੇ ਖਤਮ ਕਰ ਦਿੱਤਾ ਕਿ ਉਹ ਸਿਹਤ ਦੇਖਭਾਲ ਬਾਰੇ ਨਿਊ ਡੈਮੋਕਰੈਟਸ ਦੀਆਂ ਚਿੰਤਾਵਾਂ ਨਾਲ ਸਹਿਮਤ ਹਨ ਜਦਕਿ ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਨੇ ਆਪਣੇ ਪਾਰਲੀਮੈਂਟ ਦੇ ਮੈਂਬਰਾਂ ਨੂੰ ਆਮ ਲੋਕਾਂ ਵਾਲੇ ਪਾਸੇ ਖੜਨ ਦੀ ਹਦਾਇਤ ਕੀਤੀ ਹੈ। ਪਾਰਲੀਮੈਂਟ ਦੇ ਮੈਂਬਰ ਉਸ ਮਤੇ ਨਾਲ ਸਹਿਮਤ ਹੋ ਗਏ ਜਿਸ ਵਿਚ ਛੁੱਟੀਆਂ ਲਈ ਸਦਨ ਨੂੰ ਉਠਾਉਣ ਦਾ ਜ਼ਿਕਰ ਸੀ। ਉਨ੍ਹਾਂ ਦੇ ਜਨਵਰੀ ਦੇ ਅਖੀਰ ਤਕ ਬੈਠਕ ਕਰਨ ਦਾ ਪ੍ਰੋਗਰਾਮ ਨਹੀਂ। ਹਾਊਸ ਆਫ ਕਾਮਨਜ਼ ਦੇ ਪ੍ਰਸ਼ਨ ਕਾਲ ਲਈ ਦਾਖਲ ਹੋਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟਰੂਡੋ ਨੇ ਐਨਡੀਪੀ ਦੇ ਨੇਤਾ ਜਗਮੀਤ ਸਿੰਘ ਦੇ ਤਾਜ਼ਾ ਬਿਆਨਾਂ ਨੂੰ ਖਾਰਜ ਕਰ ਦਿੱਤਾ ਕਿ ਉਹ ਆਪਣੀ ਸਰਕਾਰ ਦੇ ਸਿਹਤ ਸੰਭਾਲ ਪ੍ਰਤੀ ਪਹੁੰਚ ਨੂੰ ਲੈ ਕੇ ਕੌਨਫੀਡੈਂਸ ਤੇ ਸਪਲਾਈ ਸਮਝੌਤੇ ਤੋਂ ਪਾਰਟੀ ਦਾ ਸਮਰਥਨ ਵਾਪਸ ਲੈਣ ਲਈ ਤਿਆਰ ਹਨ। ਟਰੂਡੋ ਨੇ ਕਿਹਾ ਕਿ ਹਕੀਕਤ ਇਹ ਹੈ ਕਿ ਅਸੀਂ ਅਭਿਲਾਸ਼ੀ ਪਾਰਟੀਆਂ ਹਾਂ ਜਿਹੜੀਆਂ ਕੈਨੇਡੀਅਨਾਂ ਲਈ ਕੰਮ ਕਰਨ ਦੀ ਕੋਸ਼ਿਸ਼ ਵਿਚ ਆਪਣੀਆਂ ਕਦਰਾਂ ਕੀਮਤਾਂ ਲਈ ਪ੍ਰਗਤੀਸ਼ੀਲ ਹਨ। ਇਕ ਦਿਨ ਪਹਿਲਾਂ ਆਪਣੀ ਪਾਰਟੀ ਦੀ ਕੌਕਸ ਵਿਚ ਭਾਸ਼ਣ ਦਿੰਦਿਆਂ ਪੋਲੀਵਰੇ ਨੇ ਕੈਨੇਡਾ ਦੀ ਦੁਖੀ ਕਰਨ ਵਾਲੀ ਤਸਵੀਰ ਪੇਸ਼ ਕੀਤੀ ਅਤੇ ਐਮਪੀਜ਼ ਨੂੰ ਦੱਸਿਆ ਕਿ ਅਧਿਕਾਰਤ ਵਿਰੋਧੀ ਧਿਰ ਵਜੋਂ ਇਸ ਦੁੱਖ ਨੂੰ ਆਸ ਵਿਚ ਬਦਲਣਨਾ ਉਨ੍ਹਾਂ ਦਾ ਕੰਮ ਹੈ। ਉਨ੍ਹਾਂ ਕਿਹਾ ਕ ਲੋਕਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਨ੍ਹਾਂ ਦੀਆਂ ਜਿੰਦਗੀਆਂ ਵਿਚ ਅਸਲ ਸੁਧਾਰ ਸੰਭਵ ਹੈ ਅਤੇ ਉਹ ਸੁਪਨਾ ਜਿਹੜਾ ਉਨ੍ਹਾਂ ਨੂੰ ਇਥੇ ਪ੍ਰਵਾਸੀਆਂ ਵਜੋਂ ਲਿਆਇਆ ਜਾਂ ਉਹ ਸੁਪਨਾ ਜਿਹੜੇ ਉਨ੍ਹਾਂ ਨੂੰ ਪਾਲ ਰੱਖੇ ਹਨ ਜਦੋਂ ਉਨ੍ਹਾਂ ਦਾ ਜਨਮ ਹੋਇਆ ਸੀ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ। ਉਨ੍ਹਾਂ ਲਿਬਰਲ ਸਰਕਾਰ ਦੇ ਖਰਚ ਲਈ ਆਪਣੇ ਹਮਲਿਆਂ ਨੂੰ ਮੁੜ ਦੁਹਰਾਇਆ ਜਿਸ ਨਾਲ ਮਹਿੰਗਾਈ ਵਧੀ ਹੈ ਅਤੇ ਅਸਾਲਟ ਸ਼ੈਲੀ ਦੇ ਹਥਿਆਰਾਂ 'ਤੇ ਪਾਬੰਦੀਆਂ ਦੀਆਂ ਕੋਸ਼ਿਸ਼ਾਂ ਦਾ ਵੀ ਵਿਰੋਧ ਕੀਤਾ। ਕੰਸਰਵੇਟਿਵਾਂ ਦਾ ਕਹਿਣਾ ਕਿ ਹਥਿਆਰਾਂ ਦੀ ਸੂਚੀ ਵਿਚ ਸ਼ਿਕਾਰ ਕਰਨ ਵਾਲੇ ਮਸ਼ਹੂਰ ਅਗਨੀ ਸ਼ਾਸਤਰ ਵੀ ਸ਼ਾਮਿਲ ਹਨ। ਪੋਲੀਵਰੇ ਨੇ ਆਪਣੀ ਕੌਕਸ ਨਾਲ ਮੀਟਿੰਗ ਪਾਰਟੀ ਦੀ ਗ੍ਰੇਟਰ ਟੋਰਾਂਟੋ ਏਰੀਆ ਵਿਚ ਲਿਬਰਲਜ਼ ਹੱਥੋਂ ਜਿਮਨੀ ਚੋਣ ਦੀ ਹਾਰ ਤੋਂ ਦੋ ਦਿਨ ਬਾਅਦ ਕੀਤੀ।






## ਚਿਲੀਵੈਕ ਦੇ ਇਕ ਘਰ ਵਿਚ ਮਿਥ ਕੇ ਕੀਤੀ ਗੋਲੀਬਾਰੀ ਵਿਚ ਇਕ ਵਿਅਕਤੀ ਦੀ ਮੌਤ

ਸਰੀ-ਚਿਲੀਵੈਕ ਦੇ ਇਕ ਘਰ ਵਿਚ ਗੋਲੀਬਾਰੀ ਦੌਰਾਨ ਇਕ ਵਿਅਕਤੀ ਦੀ ਮੌਤ ਹੋ ਗਈ। ਇਹ ਗੋਲੀਬਾਰੀ ਮਿਥ ਕੇ ਕੀਤੀ ਗਈ ਲਗਦੀ ਹੈ ਅਤੇ ਜਾਂਚ ਅਧਿਕਾਰੀ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਕੀ ਇਹ ਲੋਅਰ ਮੇਨਲੈਂਡ ਗੈਂਗ ਵਾਰ ਨਾਲ ਸਬੰਧਤ ਤਾਂ ਨਹੀਂ। ਘਟਨਾ ਪਿੱਛੋਂ ਚਿਲੀਵੈਕ ਆਰਸੀਐਮਪੀ ਨੂੰ ਵਿੰਡਸਰ ਸਟਰੀਟ ਦੇ 900 ਬਲਾਕ ਦੇ ਇਕ ਘਰ ਵਿਚ ਸੱਦਿਆ ਗਿਆ ਸੀ। ਜਦੋਂ ਉਹ ਮੌਕੇ 'ਤੇ ਪੁੱਜੇ ਤਾਂ ਉਥੇ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋਇਆ ਇਕ ਵਿਅਕਤੀ ਮਿਲਿਆ ਜਿਹੜਾ ਕੋਈ ਹੁੰਗਾਰਾ ਨਹੀਂ ਸੀ ਭਰ ਰਿਹਾ। ਬਾਅਦ ਵਿਚ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਹਸਪਤਾਲ ਵਿਚ ਮੌਤ ਹੋ ਗਈ। ਉਸੇ ਸ਼ਾਮ ਨੂੰ ਪੁਲਿਸ ਨੂੰ ਚੌਕਸ ਕੀਤਾ ਗਿਆ ਕਿ ਗੋਲੀਬਾਰੀ ਵਾਲੀ ਘਟਨਾ ਤੋਂ ਲਗਪਗ 8 ਕਿਲੋਮੀਟਰ ਦੂਰ ਬੈਲੀ ਰੋਡ ਦੇ 46700 ਬਲਾਕ ਵਿਚ ਇਕ ਐਸਯੂਵੀ ਨੂੰ ਅੱਗ ਲੱਗੀ ਹੋਈ ਹੈ। ਇਹ ਅਜੇ ਤਕ ਪਤਾ ਨਹੀਂ ਲੱਗਾ ਕਿ ਇਹ ਮੋਟਰ ਗੱਡੀ ਹੱਤਿਆ ਨਾਲ ਸਬੰਧਤ ਹੈ ਜਾਂ ਨਹੀਂ।

## ਚੀਨੀ ਨਾਗਰਿਕਾਂ ਦੀ ਕੈਨੇਡਾ ਵਿਚ ਦਿਲਚਸਪੀ 28 ਗੁਣਾਂ ਵਧੀ ਸੀ ਸਖਤ ਕੋਵਿਡ ਪਾਬੰਦੀਆਂ ਸਮੇਂ

ਓਟਵਾ-ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਵਿਚ ਸਖਤ ਕੋਵਿਡ-19 ਮਹਾਂਮਾਰੀ ਲਾਕਡਾਊਨ ਦੌਰਾਨ ਚੀਨੀ ਨਾਗਰਿਕਾਂ ਵਲੋਂ ਕੈਨੇਡਾ ਨੂੰ ਪ੍ਰਵਾਸ ਕਰਨ ਦੀਆਂ ਸ਼ਰਤਾਂ ਦੇਖਣ ਲਈ ਚੀਨ ਦੇ ਸਭ ਤੋਂ ਵੱਧ ਲੋਕਪ੍ਰਿਯ ਇੰਟਰਨੈੱਟ ਸਰਚ ਇੰਜਣ ਦੀ 28 ਗੁਣਾਂ ਜ਼ਿਆਦਾ ਵਰਤੋਂ ਕੀਤੀ ਗਈ। ਵੈਨਕੂਵਰ ਦੇ ਇਮੀਗ੍ਰੇਸ਼ਨ ਵਕੀਲ ਵਲੋਂ ਸੂਚਨਾ ਤਕ ਪਹੁੰਚ ਦੇ ਕਾਨੂੰਨ ਤਹਿਤ ਕੈਨੇਡੀਅਨ ਇਮੀਗ੍ਰੇਸ਼ਨ ਵਿਭਾਗ ਤੋਂ ਪ੍ਰਾਪਤ ਕੀਤੀ ਰਿਪੋਰਟ ਮੁਤਾਬਿਕ ਅਪ੍ਰੈਲ ਵਿਚ ਟਰਮਜ਼ ਦੀ ਵਰਤੋਂ ਮੁਅੱਤਲ ਕਰਨ ਤੋਂ ਪਹਿਲਾਂ ਕੈਨੇਡਾ ਨੂੰ ਪ੍ਰਵਾਸ ਲਈ ਸਰਚ ਇੰਜਣ ਬਾਇਡੂ ਦੀ ਕਾਫੀ ਰੁਚੀ ਦੇਖੀ ਗਈ। ਇਸ ਸਾਲ ਹੋਰ ਵੀ ਸੰਕੇਤ ਦੱਸਦੇ ਹਨ ਕਿ ਚੀਨੀ ਨਾਗਰਿਕਾਂ ਜਿਨ੍ਹਾਂ ਨੇ ਦੇਸ਼ ਦੀਆਂ ਸਿਫਰ ਕੋਵਿਡ ਨੀਤੀਆਂ ਖਿਲਾਫ ਮੁਜ਼ਾਹਰੇ ਸ਼ੁਰੂ ਕੀਤੇ ਸਨ ਨੇ ਕੈਨੇਡਾ ਜਾਂ ਦੂਸਰੇ ਪੱਛਮੀ ਦੇਸ਼ਾਂ ਨੂੰ ਸੰਭਾਵਤ ਪ੍ਰਵਾਸ ਬਾਰੇ ਕਾਫੀ ਦਿਲਚਸਪੀ ਦਿਖਾਈ ਹੈ।

## ਮਾਨ ਸਰਕਾਰ ਵਲੋਂ ਜਲੰਧਰ ਵਿਚ ਬੇਘਰੇ ਕੀਤੇ ਲੋਕਾਂ ਨੂੰ ਮੁੜ ਵਸਾਉਣ ਦਾ ਐਲਾਨ

ਜਲੰਧਰ-ਆਮ ਆਦਮੀ ਪਾਰਟੀ ਨੇ ਜਲੰਧਰ ਦੇ ਲਤੀਫ਼ਪੁਰਾ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿਮ ਮਗਰੋਂ ਬੇਘਰ ਹੋਏ ਪਰਿਵਾਰਾਂ ਦੇ ਮੁੜ ਵਸੇਬੇ ਅਤੇ ਉਨ੍ਹਾਂ ਨੂੰ ਜਲੰਧਰ ਵਿੱਚ ਉੱਚ-ਸ਼੍ਰੇਣੀ ਦੇ ਘਰ ਬਣਾ ਕੇ ਦੇਣ ਦਾ ਐਲਾਨ ਕੀਤਾ ਹੈ। ਅੱਜ ਇੱਥੇ ਜਲੰਧਰ ਪੱਛਮੀ ਤੋਂ 'ਆਪ' ਵਿਧਾਇਕ ਸ਼ੀਤਲ ਅੰਗੁਰਾਲ, ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ, 'ਆਪ' ਪੰਜਾਬ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਅਤੇ ਇੰਪਰੂਵਮੈਂਟ ਟਰੱਸਟ ਜਲੰਧਰ ਦੇ ਚੇਅਰਮੈਨ ਜਗਤਾਰ ਸਿੰਘ ਸੰਘੇੜਾ ਨੇ ਕਿਹਾ ਕਿ ਇਹ ਮੁਹਿਮ ਸਿਰਫ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ ਹੀ ਚਲਾਈ ਗਈ ਸੀ। ਉਨ੍ਹਾਂ ਕਿਹਾ ਕਿ ਇਹ ਮਕਾਨ ਸਰਕਾਰੀ ਜ਼ਮੀਨ 'ਤੇ ਬਣਾਏ ਗਏ ਸਨ ਅਤੇ ਸੁਪਰੀਮ ਕੋਰਟ ਨੇ ਟਰੱਸਟ ਦੇ ਹੱਕ ਵਿੱਚ ਫ਼ੈਸਲਾ ਦਿੱਤਾ ਸੀ। ਇਸ ਮਾਮਲੇ 'ਚ ਟਰੱਸਟ ਖ਼ਿਲਾਫ਼ ਅਦਾਲਤ ਦੀ ਮਾਣਹਾਨੀ ਦਾ ਕੇਸ ਵੀ ਚੱਲ ਰਿਹਾ ਸੀ, ਜਿਸ ਕਾਰਨ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿਮ ਚਲਾਈ ਗਈ। ਉਨ੍ਹਾਂ ਨੇ ਇਸ ਬਾਰੇ ਸੁਪਰੀਮ ਕੋਰਟ 'ਚ ਸਟੇਟਸ ਰਿਪੋਰਟ ਪੇਸ਼ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਪਿਛਲੀਆਂ ਸਰਕਾਰਾਂ ਦੀਆਂ ਘਟੀਆ ਨੀਤੀਆਂ ਦੇ ਉਲਟ 'ਆਪ' ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਸਰਕਾਰ ਪ੍ਰਭਾਵਿਤ ਗਰੀਬ ਪਰਿਵਾਰਾਂ ਨੂੰ ਉੱਚ ਦਰਜੇ ਦੇ ਮਕਾਨ ਮੁਹੱਈਆ ਕਰਾਏਗੀ। ਪ੍ਰੋ. ਸੰਘੇੜਾ ਨੇ ਕਿਹਾ ਕਿ ਗਰੀਬ ਪਰਿਵਾਰਾਂ ਦਾ ਤੁਰੰਤ ਮੁੜ ਵਸੇਬਾ ਕਰਨ ਲਈ ਕੰਮ ਵੀ ਸ਼ੁਰੂ ਕਰ ਦਿੱਤਾ ਹੈ। ਇਸ ਮੁਹਿਮ 'ਚ ਪ੍ਰਭਾਵਿਤ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਰੇਕ ਪਰਿਵਾਰ ਨੂੰ ਜਲਦੀ ਹੀ ਜਲੰਧਰ ਵਿੱਚ ਇੱਕ ਰਸੋਈ, ਇੱਕ ਬਾਥਰੂਮ ਤੇ ਦੋ ਕਮਰਿਆਂ ਵਾਲਾ ਮਕਾਨ ਦਿੱਤਾ ਜਾਵੇਗਾ। ਇਸੇ ਦੌਰਾਨ ਲੋਕਾਂ ਨੇ ਸਰਕਾਰ ਦੀ ਇਸ ਪੇਸ਼ਕਸ਼ ਨੂੰ ਰੱਦ ਕਰਦਿਆਂ ਕਿਹਾ ਕਿ ਉਹ ਆਪਣੇ ਢਾਹੇ ਗਏ ਘਰਾਂ ਵਾਲੀ ਥਾਂ ਨਹੀਂ ਛੱਡਣਗੇ।




## ਨਕੋਦਰ ਵਪਾਰੀ ਹੱਤਿਆ ਕਾਂਡ

# ਅਮਰੀਕਾ 'ਚ ਰਚੀ ਗਈ ਸੀ ਹੱਤਿਆ ਦੀ ਸਾਜ਼ਿਸ਼

## ਅਸਲੇ ਸਣੇ ਤਿੰਨ ਮੁਲਜ਼ਮ ਕਾਬੂ; ਅਮਰੀਕਾ ਰਹਿੰਦਾ ਅਮਨਦੀਪ ਪੁਰੇਵਾਲ ਹੱਤਿਆ ਕਾਂਡ ਦਾ ਸਰਗਨਾ

ਚੰਡੀਗੜ੍ਹ-ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਨਕੋਦਰ ਵਿਚ ਕੱਪੜਾ ਵਪਾਰੀ ਦੇ ਕਤਲ ਕਾਂਡ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕਰਦਿਆਂ ਮੁੱਖ ਸਾਜ਼ਿਸ਼ਕਰਤਾ ਦੀ ਪਛਾਣ ਕਰਨ ਅਤੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਖ਼ੁਲਾਸਾ ਕੀਤਾ ਹੈ। ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੌਰਵ ਯਾਦਵ ਨੇ ਦੱਸਿਆ ਕਿ ਇਸ ਕਤਲ ਕਾਂਡ ਦਾ ਮੁੱਖ ਸਰਗਨਾ ਅਮਰੀਕਾ ਸਥਿਤ ਅਮਨਦੀਪ ਪੁਰੇਵਾਲਾ ਉਰਫ ਅਮਨ ਹੈ, ਜੋ ਨਕੋਦਰ ਦਾ ਮੂਲ ਨਿਵਾਸੀ ਹੈ। ਗ੍ਰਿਫ਼ਤਾਰ ਕੀਤੇ ਮੁਲਜ਼ਮਾਂ ਦੀ ਪਛਾਣ ਖ਼ੁਸ਼ਕਰਨ ਸਿੰਘ ਉਰਫ਼ ਫ਼ੌਜੀ ਵਾਸੀ ਪਿੰਡ ਨੰਗਲਾ ਜ਼ਿਲ੍ਹਾ ਬਠਿੰਡਾ, ਕਮਲਦੀਪ ਸਿੰਘ ਉਰਫ ਦੀਪ ਵਾਸੀ ਪਿੰਡ ਵੇਹਣ ਦੀਵਾਨ ਜ਼ਿਲ੍ਹਾ ਬਠਿੰਡਾ ਅਤੇ ਮੰਗਾ ਸਿੰਘ ਉਰਫ਼ ਗੀਤਾ ਉਰਫ ਬਿੱਛੂ ਵਾਸੀ ਜੱਸੀ ਪੌਅ ਵਾਲੀ ਬਠਿੰਡਾ ਵਜੋਂ ਹੋਈ ਹੈ। ਪੁਲੀਸ ਟੀਮਾਂ ਨੇ ਮੁਲਜ਼ਮਾਂ ਕੋਲੋਂ ਵਾਰਦਾਤ ਮੌਕੇ ਵਰਤਿਆ ਗਿਆ .30 ਬੋਰ ਦਾ ਪਿਸਤੌਲ ਅਤੇ ਰੇਕੀ ਕਰਨ ਲਈ ਵਰਤੀ ਗਈ ਸਫ਼ਾਰੀ ਗੱਡੀ ਵੀ ਬਰਾਮਦ ਕੀਤੀ ਹੈ। ਪੰਜਾਬ ਪੁਲੀਸ ਦੇ ਮੁਖੀ ਨੇ ਦੱਸਿਆ ਕਿ ਘਟਨਾ ਦੇ ਦੋ ਮੁੱਖ ਸਾਜਿਸ਼ਕਾਰਾਂ ਦੀ ਪਛਾਣ ਬਠਿੰਡਾ ਦੇ ਅਮਰੀਕ ਸਿੰਘ ਅਤੇ ਨਕੋਦਰ ਮਾਲੜੀ ਦੇ ਗੁਰਿਦਰ ਸਿੰਘ ਉਰਫ ਗਿੰਦਾ ਵਜੋਂ ਹੋਈ ਹੈ, ਜਿਨ੍ਹਾਂ ਨੇ ਅਮਨਦੀਪ ਪੁਰੇਵਾਲ ਦੇ ਨਿਰਦੇਸ਼ਾਂ 'ਤੇ ਰੇਕੀ ਕੀਤੀ ਅਤੇ ਸ਼ੂਟਰਾਂ ਸਮੇਤ ਹਥਿਆਰਾਂ ਦਾ ਪ੍ਰਬੰਧ ਕੀਤਾ। ਬਾਕੀ ਦੇ ਦੋ ਸ਼ੂਟਰਾਂ ਦੀ ਪਛਾਣ ਸਤਪਾਲ ਉਰਫ਼ ਸਾਜਨ ਅਤੇ ਠਾਕੁਰ ਵਜੋਂ ਹੋਈ ਹੈ। ਉਨ੍ਹਾਂ ਕਿਹਾ ਕਿ ਫਰਾਰ ਸ਼ੂਟਰਾਂ ਅਤੇ ਦੋਵਾਂ ਸਾਜਿਸ਼ਕਾਰਾਂ ਨੂੰ ਗ੍ਰਿਫ਼ਤਾਰੀ ਲਈ ਪੁਲੀਸ ਟੀਮਾਂ ਛਾਪੇ ਮਾਰ ਰਹੀਆਂ ਹਨ। ਡੀਜੀਪੀ ਨੇ ਦਾਅਵਾ ਕੀਤਾ ਕਿ ਇਸ ਘਟਨਾ ਦੇ ਮੁੱਖ ਸਰਗਨੇ ਅਮਨਦੀਪ ਪੁਰੇਵਾਲ ਨੇ ਸਰਹੱਦੀ ਸੂਬੇ ਵਿੱਚ ਦਹਿਸ਼ਤ ਪੈਦਾ ਕਰਨ ਲਈ ਨਵਾਂ ਗੈਂਗ ਸ਼ੁਰੂ ਕਰਨ ਦੇ ਇਰਾਦੇ ਨਾਲ ਟਿਮੀ ਚਾਵਲਾ ਨੂੰ ਆਪਣਾ ਪਹਿਲਾ ਨਿਸ਼ਾਨਾ ਬਣਾਇਆ ਹੈ ਅਤੇ ਅਮਰੀਕਾ 'ਚੋਂ ਉਸ ਨੂੰ ਫਿਰੌਤੀ ਲਈ ਫੋਨ ਕੀਤੇ। ਇਸ ਮਗਰੋਂ ਅਮਨਦੀਪ ਪੁਰੇਵਾਲ ਨੇ ਅਮਰੀਕ ਸਿੰਘ ਅਤੇ ਗੁਰਿੰਦਰ ਗਿੰਦਾ ਨਾਲ ਮਿਲ ਕੇ ਟਿਮੀ ਚਾਵਲਾ ਨੂੰ ਮਾਰਨ ਦੀ ਸਾਜਿਸ਼ ਰਚੀ ਅਤੇ ਪੰਜ ਸ਼ੂਟਰਾਂ ਦਾ ਪ੍ਰਬੰਧ ਕੀਤਾ। ਜ਼ਿਕਰਯੋਗ ਹੈ ਕਿ 7 ਦਸੰਬਰ ਦੀ ਰਾਤ 8.30 ਵਜੇ ਦੇ ਕਰੀਬ ਪੰਜ ਅਣਪਛਾਤੇ ਵਿਅਕਤੀਆਂ ਨੇ ਕੱਪੜਾ ਵਪਾਰੀ ਭੁਪਿੰਦਰ ਸਿੰਘ ਉਰਫ ਟਿਮੀ ਚਾਵਲਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ, ਜਦ ਕਿ ਜ਼ਖ਼ਮੀ ਹੋਏ ਉਸ ਦੇ ਪੀਐੱਸਓ ਕਾਂਸਟੇਬਲ ਮਨਦੀਪ ਸਿੰਘ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ ਸੀ।







### ਬਾਕੀ ਮੁਲਜ਼ਮਾਂ ਦੀ ਭਾਲ ਜਾਰੀ

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਕੁਝ ਕੈਦੀਆਂ ਨੂੰ ਪੁੱਛ ਪੜਤਾਲ ਲਈ ਵੱਖ-ਵੱਖ ਜੇਲ੍ਹਾਂ ਤੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆਂਦਾ ਅਤੇ ਸੀਸੀਟੀਵੀ ਫੁਟੇਜ ਅਤੇ ਮੋਬਾਈਲ ਡੇਟਾ ਦੇ ਵਿਸ਼ਲੇਸ਼ਣ ਨਾਲ ਤਕਨੀਕੀ ਜਾਂਚ ਕੀਤੀ, ਜਿਸ ਵਿੱਚ ਕੁਝ ਮਹੱਤਵਪੂਰਨ ਸੁਰਾਗ ਸਾਹਮਣੇ ਆਏ, ਜਿਨ੍ਹਾਂ ਸਦਕਾ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਵਿੱਚ ਮਦਦ ਮਿਲੀ।

### ਵਿਦੇਸ਼ਾਂ 'ਚ ਖੁੱਲ੍ਹੇਆਮ ਘੁੰਮ ਰਹੇ ਨੇ ਕਾਤਲ

ਨਕੋਦਰ 'ਚ ਵਪਾਰੀ ਦੀ ਹੱਤਿਆ ਨਾਲ ਇਕ ਗੱਲ ਸਪੱਸ਼ਟ ਹੋ ਗਈ ਹੈ ਕਿ ਵਿਦੇਸ਼ਾਂ 'ਚ ਬੈਠੇ ਅਪਰਾਧੀਆਂ ਦਾ ਨੈੱਟਵਰਕ ਪੰਜਾਬ ਲਈ ਖ਼ਤਰਾ ਬਣਿਆ ਹੋਇਆ ਹੈ। ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮੁਲਜ਼ਮ ਗੋਲਡੀ ਬਰਾੜ ਨੂੰ ਲੈ ਕੇ ਭਾਵੇਂ ਵਿਵਾਦ ਚੱਲ ਰਿਹਾ ਹੈ ਪਰ ਸੰਦੀਪ ਨੰਗਲ ਅੰਬੀਆਂ ਕੇਸ 'ਚ ਨਾਮਜ਼ਦ ਤਿੰਨ 'ਚੋਂ ਦੋ ਵਿਅਕਤ ਵਿਦੇਸ਼ 'ਚ ਬੈਠੇ ਹਨ ਅਤੇ ਉਨ੍ਹਾਂ ਖ਼ਿਲਾਫ਼ ਅਜੇ ਕੋਈ ਕਾਰਵਾਈ ਨਹੀਂ ਹੋਈ ਹੈ। ਅੰਬੀਆਂ ਦੀ ਪਤਨੀ ਰੁਪਿੰਦਰ ਕੌਰ ਦੀ ਸ਼ਿਕਾਇਤ ਦੇ ਆਧਾਰ 'ਤੇ ਨੌਰਥ ਇੰਡੀਆ ਸਰਕਲ ਸਟਾਈਲ ਕਬੱਡੀ ਐਸੋਸੀਏਸ਼ਨ ਦੇ ਚੇਅਰਮੈਨ ਸੁਰਜਨ ਸਿੰਘ ਚੱਠਾ, ਵਰਲਡ ਕਬੱਡੀ ਡੋਪਿੰਗ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਮਾਨ ਅਤੇ ਰਾਇਲ ਕਿੰਗਜ਼ ਕਬੱਡੀ ਕਲੱਬ ਦੇ ਮਾਲਕ ਸਰਬਜੀਤ ਸਿੰਘ ਥਿਆੜਾ ਨੂੰ ਨਾਮਜ਼ਦ ਕੀਤਾ ਗਿਆ ਹੈ। ਚੱਠਾ ਮੁਹਾਲੀ 'ਚ, ਮਾਨ ਕੈਨੇਡਾ ਅਤੇ ਥਿਆੜਾ ਅਮਰੀਕਾ 'ਚ ਰਹਿੰਦਾ ਹੈ।

### ਆਵਾਜ਼ ਦੇ ਨਮੂਨਿਆਂ ਤੋਂ ਖੁੱਲ੍ਹਿਆ ਭੇਤ

ਚੰਡੀਗੜ੍ਹ-ਜਲੰਧਰ ਦਿਹਾਤੀ ਦੇ ਐੱਸਐੱਸਪੀ ਸਵਰਨਦੀਪ ਸਿੰਘ ਨੇ ਕਿਹਾ ਕਿ ਪੁਰੇਵਾਲ ਪਿਛਲੇ 10-12 ਸਾਲਾਂ ਤੋਂ ਅਮਰੀਕਾ 'ਚ ਰਹਿ ਰਿਹਾ ਹੈ ਅਤੇ ਉਸ ਨੇ ਫਿਰੌਤੀ ਦੀ ਯੋਜਨਾ ਬਣਾਈ ਸੀ। ਉਸ ਖ਼ਿਲਾਫ਼ ਪਹਿਲਾਂ ਕੋਈ ਐੱਫਆਈਆਰ ਦਰਜ ਨਹੀਂ ਹੈ। ਉਹ ਇਸ ਸਾਲ ਮਾਰਚ 'ਚ ਆਪਣੇ ਪਿੰਡ ਆਇਆ ਸੀ ਅਤੇ ਉਥੇ ਹੀ ਫਿਰੌਤੀ ਵਸੂਲਣ ਦੀ ਯੋਜਨਾ ਘੜੀ ਗਈ ਸੀ। ਪੁਰੇਵਾਲ ਅਤੇ ਗਿੰਦਾ ਇਕੋ ਪਿੰਡ ਮਾਲੜੀ ਨਾਲ ਸਬੰਧਤ ਹਨ। ਫੋਨ 'ਤੇ ਚਾਵਲਾ ਨੂੰ ਮਿਲੀ ਧਮਕੀ ਮਗਰੋਂ ਪੁਲੀਸ ਵੱਲੋਂ ਆਵਾਜ਼ ਦੇ ਅਧਿਐਨ ਨਾਲ ਪੁਰੇਵਾਲ ਦਾ ਭੇਤ ਖੁੱਲ੍ਹਿਆ। ਪੁਲੀਸ ਇਹ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿ ਹੋਰ ਕਿੰਨੇ ਲੋਕਾਂ ਨੂੰ ਫਿਰੌਤੀ ਲਈ ਕਾਲਾਂ ਕੀਤੀਆਂ ਗਈਆਂ ਹਨ।


**Injured in an accident?**

**ICBC claim?**

**We can help.**

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

**We handle accident issues related to:**

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.rmlawyers.ca

205-7134 King George Boulevard, Surrey, BC V3W 5A3

# ਵੈਨਕੂਵਰ ਵਿਚਾਰ ਮੰਚ ਵੱਲੋਂ ਨਾਮਵਰ ਪੱਤਰਕਾਰ ਹਰਬੀਰ ਸਿੰਘ ਭੰਵਰ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਨਾਮਵਰ ਪੱਤਰਕਾਰ ਹਰਬੀਰ ਸਿੰਘ ਭੰਵਰ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕਰਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬੀ ਪੱਤਕਾਰਤਾ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਮੰਚ ਵੱਲੋਂ ਇਸ ਸੰਬੰਧ ਵਿਚ ਕੀਤੀ ਗਈ ਸ਼ੋਕ ਮੀਟਿੰਗ ਵਿਚ ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਬਹੁਤ ਹੀ ਗੂੜ੍ਹੇ ਮਿੱਤਰ ਅਤੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਉਨ੍ਹਾਂ ਨਾਲ ਅਧਿਆਪਨ ਸਮੇਂ ਤੋਂ ਸ਼ੁਰੂ ਹੋਈ ਦੋਸਤੀ, ਸਾਹਿਤਕ ਅਤੇ ਪਰਿਵਾਰਕ ਸਾਂਝ ਬਾਰੇ ਸੰਖੇਪ ਵਿਚ ਦਸਦਿਆਂ ਕਿਹਾ ਕਿ ਹਰਬੀਰ ਸਿੰਘ ਭੰਵਰ ਇਕ ਵਧੀਆ ਅਧਿਆਪਕ, ਇਕ ਵਧੀਆ ਚਿੱਤਰਕਾਰ, ਲੇਖਕ ਅਤੇ ਪੱਤਰਕਾਰ ਸੀ ਅਤੇ ਵਿਸ਼ੇਸ਼ ਕਰਕੇ ਉਸ ਨੇ ਪੰਜਾਬ ਦੇ ਕਾਲੇ ਦੌਰ ਵਿਚ ਪੁਲਿਸ ਦੇ ਦਬਾਅ ਅਤੇ ਖਾੜਕੂਆਂ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਆਪਣੀ ਜਾਨ 'ਤੇ ਖੇਡ ਕੇ ਪੱਤਰਕਾਰੀ ਦੇ ਫਰਜ਼ ਨੂੰ ਨਿੱਡਰਤਾ ਅਤੇ ਈਮਾਨਦਾਰੀ ਨਾਲ ਨਿਭਾਇਆ।



ਉਨ੍ਹਾਂ ਨੂੰ ਸਿੱਖ ਇਤਿਹਾਸ, ਸੱਭਿਆਚਾਰ, ਕਲਾ ਅਤੇ ਪੰਜਾਬ ਦੀ ਰਾਜਨੀਤੀ ਦੀ ਡੂੰਘੀ ਸੋਝੀ ਸੀ। ਜਰਨੈਲ ਸਿੰਘ ਆਰਟਿਸਟ ਨੇ ਵੀ ਉਨ੍ਹਾਂ ਨਾਲ ਹੋਈਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਮਾਣ ਦੱਸਿਆ। ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਨੇ ਉਨ੍ਹਾਂ ਨਾਲ ਲੁਧਿਆਣਾ ਵਿਖੇ ਆਪਣੇ ਮੇਲ ਮਿਲਾਪ ਦੀ ਗੱਲ ਕੀਤੀ ਅਤੇ ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀਆਂ ਉਨ੍ਹਾਂ ਦੀਆਂ ਤਿੰਨ ਪੁਸਤਕਾਂ (ਸੋਭਾ ਸਿੰਘ ਚਿੱਤਰਕਾਰ ਸਿਮਰਤੀ ਗਰੰਥ, ਤੀਜਾ ਘੱਲੂਘਾਰਾ, ਅਭਿਨੰਦਨ ਗਰੰਥ) ਬਾਰੇ ਜਾਣਕਾਰੀ ਸਾਂਝੀ ਕੀਤੀ। ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਹਰਦਮ ਮਾਨ ਨੇ ਕਿਹਾ ਹਰਬੀਰ ਸਿੰਘ ਭੰਵਰ ਵੱਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਨਿੱਗਰ ਯੋਗਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕੇਗਾ। ਮੰਚ ਵੱਲੋਂ ਇਸ ਮੌਕੇ ਪਾਸ ਕੀਤੇ ਸ਼ੋਕ ਮਤੇ ਰਾਹੀਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਗਈ।






## ਸਿੰਗਾਪੁਰ 'ਚ ਕਰੇਨ ਡਿੱਗਣ ਕਾਰਨ ਭਾਰਤੀ ਮਜ਼ਦੂਰ ਦੀ ਮੌਤ

ਸਿੰਗਾਪੁਰ-ਸਿੰਗਾਪੁਰ ਵਿੱਚ ਉਸਾਰੀ ਵਾਲੀ ਥਾਂ 'ਤੇ 'ਲੌਰੀ ਕਰੇਨ' 'ਚੋਂ ਸਰੀਆ ਉਤਾਰਨ ਸਮੇਂ ਵਾਪਰੇ ਹਾਦਸੇ ਵਿੱਚ ਭਾਰਤੀ ਮਜ਼ਦੂਰ ਦੀ ਮੌਤ ਹੋ ਗਈ। ਮਨੁੱਖੀ ਵਸੀਲਿਆਂ ਬਾਰੇ ਮੰਤਰਾਲੇ ਨੇ ਕਿਹਾ ਕਿ ਪੱਛਮੀ ਸੂਬੇ ਦੇ ਤੇਂਗਾਹ ਗਾਰਡਨ ਐਵੇਨਿਊ ਵਿੱਚ ਇਕ ਉਸਾਰੀ



ਵਾਲੀ ਥਾਂ 'ਤੇ ਮੰਗਲਵਾਰ ਨੂੰ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਭਾਰਤੀ ਮਜ਼ਦੂਰ ਆਪਣ ਸਾਥੀਆਂ ਨਾਲ ਇਕ ਕਰੇਨ ਵਿਚੋਂ ਸਰੀਆ ਉਤਾਰ ਰਿਹਾ ਸੀ ਕਿ ਕ੍ਰੇਨ ਦਾ ਉਪਰਲਾ ਹਿੱਸਾ ਡਿੱਗ ਗਿਆ ਅਤੇ ਉਸ ਹੇਠਾਂ ਆਉਣ ਕਾਰਨ ਉਸ ਦੀ ਮੌਤ ਹੋ ਗਈ। ਮੰਤਰਾਲੇ ਦੇ ਬਿਆਨ ਮੁਤਾਬਕ ਮ੍ਰਿਤਕ ਦੀ ਪਛਾਣ ਨਹੀਂ ਦੱਸੀ ਗਈ ਹੈ। ਪੁਲੀਸ ਨੇ ਕਿਹਾ ਕਿ ਲਾਪ੍ਰਵਾਹੀ ਨਾਲ ਮੌਤ ਦੇ ਦੋਸ਼ ਹੇਠ 45 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਕੁਝ ਦਿਨ ਪਹਿਲਾਂ ਵੀ ਇਕ ਹੋਰ ਉਸਾਰੀ ਅਧੀਨ ਥਾਂ 'ਤੇ ਵਾਪਰੇ ਹਾਦਸੇ ਵਿੱਚ ਭਾਰਤੀ ਮਜ਼ਦੂਰ ਦੀ ਮੌਤ ਹੋ ਗਈ ਸੀ।

## ਦੁਬਈ ਦੀ ਇਮਾਰਤ ਦੀ ਨੌਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਭਾਰਤੀ ਮੂਲ ਦੀ ਬੱਚੀ ਦੀ ਮੌਤ

ਦੁਬਈ-ਦੁਬਈ ਦੇ ਅਲ ਕੁਸੈਸ ਵਿੱਚ ਇੱਕ ਇਮਾਰਤ ਤੋਂ ਡਿੱਗਣ ਕਾਰਨ ਭਾਰਤੀ ਮੂਲ ਦੀ ਇੱਕ ਪੰਜ ਸਾਲਾ ਬੱਚੀ ਦੀ ਮੌਤ ਹੋ ਗਈ। 'ਖਲੀਜ ਟਾਈਮਜ਼' ਦੀ ਰਿਪੋਰਟ ਅਨੁਸਾਰ 10 ਦਸੰਬਰ ਨੂੰ ਬੱਚੀ ਰਾਤ ਕਰੀਬ 9.30 ਵਜੇ ਅਲ ਬੁਸਤਾਨ ਸੈਂਟਰ ਨੇੜੇ ਅਪਾਰਟਮੈਂਟ ਦੀ ਨੌਵੀਂ ਮੰਜ਼ਿਲ 'ਤੇ ਖੁੱਲ੍ਹੀ ਇੱਕ ਛੋਟੀ ਜਿਹੀ ਖਿੜਕੀ 'ਚੋਂ ਹੇਠਾਂ ਡਿੱਗ ਗਈ। ਬੱਚੀ ਦੇ ਗੁਆਂਢੀ ਨੇ ਕਿਹਾ, "ਇਹ ਬਹੁਤ ਛੋਟੀ ਜਿਹੀ ਖਿੜਕੀ ਹੈ ਅਤੇ ਇਸ 'ਚੋਂ ਕਿਸੇ ਬੱਚੇ ਦਾ ਲੰਘਣਾ ਵੀ ਬਹੁਤ ਮੁਸ਼ਕਲ ਹੈ। ਮੈਨੂੰ ਨਹੀਂ ਪਤਾ ਇਹ ਕਿਵੇਂ ਹੋਇਆ ਪਰ ਇਹ ਦਿਲ ਦਹਿਲਾਉਣ ਵਾਲਾ ਹੈ।" ਰਿਪੋਰਟ ਅਨੁਸਾਰ ਯੂਏਈ ਵਿੱਚ ਅਧਿਕਾਰਤ ਦਸਤਾਵੇਜ਼ਾਂ ਦਾ ਕੰਮ ਮੁਕੰਮਲ ਕਰਨ ਮਗਰੋਂ ਪਰਿਵਾਰ ਅੰਤਿਮ ਰਸਮਾਂ ਲਈ ਬੱਚੀ ਦੀ ਲਾਸ਼ ਭਾਰਤ ਲਿਆਵੇਗਾ। ਜ਼ਿਕਰਯੋਗ ਹੈ ਕਿ ਯੂਏਈ ਵਿੱਚ ਇਸ ਸਾਲ ਅਜਿਹੇ ਤਿੰਨ ਹਾਦਸੇ ਵਾਪਰ ਚੁੱਕੇ ਹਨ। ਪਿਛਲੇ ਮਹੀਨੇ ਏਸ਼ੀਅਨ ਮੂਲ ਦੇ ਤਿੰਨ ਸਾਲਾ ਬੱਚੇ ਦੀ ਸ਼ਾਰਜਾਹ ਵਿੱਚ ਇੱਕ ਇਮਾਰਤ ਦੀ 14ਵੀਂ ਮੰਜ਼ਿਲ ਤੋਂ ਡਿੱਗਣ ਕਾਰਨ ਮੌਤ ਹੋ ਗਈ ਸੀ। ਇਸੇ ਤਰ੍ਹਾਂ ਇੱਕ 10 ਸਾਲਾ ਏਸ਼ਿਆਈ ਬੱਚਾ ਫਰਵਰੀ ਵਿੱਚ ਸ਼ਾਰਜਾਹ ਦੇ ਰਿਹਾਇਸ਼ੀ ਟਾਵਰ ਦੀ 32ਵੀਂ ਮੰਜ਼ਿਲ ਤੋਂ ਡਿੱਗ ਗਿਆ ਸੀ।

ਫੀਫਾ ਵਿਸ਼ਵ ਕੱਪ-2022

# ਅਰਜਨਟੀਨਾ ਤੇ ਫਰਾਂਸ ਵਿਚਾਲੇ ਹੋਵੇਗੀ ਖ਼ਿਤਾਬੀ ਟੱਕਰ

## ਮੋਰੱਕੋ ਨੂੰ 2-0 ਨਾਲ ਹਰਾ ਕੇ ਫਰਾਂਸ ਅਤੇ ਕ੍ਰੋਏਸ਼ੀਆ ਨੂੰ 3-0 ਹਰਾ ਕੇ ਅਰਜਨਟੀਨਾ ਪਹੁੰਚੇ ਫਾਈਨਲ ਵਿਚ

ਲੁਸੈਲ (ਕਤਰ)-ਇਥੇ ਵਿਸ਼ਵ ਕੱਪ ਫੁੱਟਬਾਲ ਦੇ ਦੂਜੇ ਸੈਮੀਫਾਈਨਲ ਵਿਚ ਫਰਾਂਸ ਨੇ ਮੋਰੱਕੋ ਨੂੰ 2-0 ਨਾਲ ਹਰਾ ਦਿੱਤਾ।



ਹੁਣ ਫਾਈਨਲ ਵਿੱਚ ਫਰਾਂਸ ਦੀ ਟੱਕਰ ਅਰਜਨਟੀਨਾ ਨਾਲ ਹੋਵੇਗੀ। ਦੋਵਾਂ ਮੁਲਕਾਂ ਵਿਚਾਲੇ ਖ਼ਿਤਾਬੀ ਟੱਕਰ ਐਤਵਾਰ ਨੂੰ ਹੋਵੇਗੀ। ਕਤਰ 'ਚ ਚਲ ਰਹੇ ਫੀਫਾ ਵਿਸ਼ਵ ਕੱਪ ਦਾ ਦੂਸਰੇ ਸੈਮੀਫਾਈਨਲ 'ਚ ਮੌਜੂਦਾ ਚੈਂਪੀਅਨ ਫਰਾਂਸ ਨੇ ਮੋਰੱਕੋ ਨੂੰ 2-0 ਨਾਲ ਹਰਾ ਦਿੱਤਾ। ਇਸ ਜਿੱਤ ਦੇ ਨਾਲ ਹੀ ਫਰਾਂਸ ਨੇ ਲਗਾਤਾਰ ਦੂਸਰੀ ਅਤੇ ਕੁੱਲ ਚੌਥੀ ਵਾਰ ਫਾਈਨਲ 'ਚ ਆਪਣੀ ਥਾਂ ਬਣਾਈ ਹੈ। ਹੁਣ ਉਸ ਦਾ ਫਾਈਨਲ ਮੁਕਾਬਲਾ ਲਿਓਨਲ ਮੈਸੀ ਦੀ ਅਰਜਨਟੀਨਾ ਨਾਲ 18 ਦਸੰਬਰ ਨੂੰ ਹੋਵੇਗਾ। ਉੱਧਰ ਮੋਰੱਕੋ ਦੀ ਹਾਰ ਨਾਲ ਅਫ਼ਰੀਕੀ ਅਤੇ ਅਰਬ ਦੇਸ਼ਾਂ ਦਾ ਸੁਪਨਾ ਟੁੱਟ ਗਿਆ। ਹੁਣ ਮੋਰੱਕੋ ਤੀਸਰੇ ਸਥਾਨ ਲਈ ਮੈਚ 17 ਦਸੰਬਰ ਨੂੰ ਕ੍ਰੋਏਸ਼ੀਆ ਖ਼ਿਲਾਫ਼ ਉਤਰੇਗਾ। ਫਰਾਂਸ ਨੇ 5ਵੇਂ ਮਿੰਟ 'ਚ ਬੜ੍ਹਤ ਹਾਸਿਲ ਕਰ ਲਈ। ਫਰਾਂਸ ਦੇ ਖਿਡਾਰੀ ਥੀਓ ਹਰਮਾਂਡੇਜ਼ ਨੇ ਪਹਿਲੇ 5ਵੇਂ ਮਿੰਟ 'ਚ ਹੀ ਇਕ ਗੋਲ ਦਾਗ ਦਿੱਤਾ। ਹਰਮਾਂਡੇਜ਼ ਨੇ ਮੋਰੱਕੋ ਦੇ ਗੋਲਕੀਪਰ ਬੁਨੋ ਨੂੰ ਨੇੜਿਓਂ ਝਕਾਨੀ ਦੇ ਕੇ ਗੋਲ ਕਰ ਦਿੱਤਾ। ਮੋਰੱਕੋ ਦੀ ਟੀਮ ਇਸ ਵਿਸ਼ਵ ਕੱਪ 'ਚ ਪਹਿਲੀ ਵਾਰ ਕਿਸੇ ਮੈਚ 'ਚ 0-2 ਤੋਂ ਪਿੱਛੇ ਹੋਈ ਹੈ। ਫਰਾਂਸ ਨੇ 79ਵੇਂ ਮਿੰਟ 'ਚ ਆਪਣੀ ਬੜ੍ਹਤ ਨੂੰ ਦੁਗਣਾ ਕਰ ਦਿੱਤਾ। ਉਸ ਦੇ ਖਿਡਾਰੀ ਰੈਂਡਲ ਕੋਲੋ ਮੁਆਨੀ ਨੇ ਟੀਮ ਲਈ ਦੂਸਰਾ ਗੋਲ ਕਰ ਦਿੱਤਾ। ਉਨ੍ਹਾਂ ਨੇ ਮੈਚ 'ਚ ਉਤਰਨ ਤੋਂ 44 ਸੈਕਿੰਡਾਂ 'ਚ ਹੀ ਗੋਲ ਦਾਗ ਦਿੱਤਾ। ਇਸ ਤਰ੍ਹਾਂ ਫਰਾਂਸ ਦੂਜੀ ਵਾਰ ਫਾਈਨਲ 'ਚ ਪਹੁੰਚ ਗਿਆ। ਪਿਛਲੀ ਵਾਰ 2018 'ਚ ਉਸ ਨੇ ਕ੍ਰੋਏਸ਼ੀਆ ਨੂੰ ਹਰਾ ਕੇ ਖ਼ਿਤਾਬ 'ਤੇ ਆਪਣਾ ਕਬਜ਼ਾ ਜਮਾਇਆ ਸੀ। ਉੱਧਰ ਮੋਰੱਕੋ ਵੀ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਅਫ਼ਰੀਕੀ ਟੀਮ ਬਣਨਾ ਚਾਹੁੰਦੀ ਸੀ।

### ਫਰਾਂਸ 7ਵੀਂ ਵਾਰ ਖੇਡਿਆ ਸੈਮੀਫਾਈਨਲ

ਫਰਾਂਸ 7ਵੀਂ ਵਾਰ ਵਿਸ਼ਵ ਕੱਪ ਦੇ ਸੈਮੀਫਾਈਨਲ 'ਚ ਖੇਡਿਆ। ਉਹ ਸ਼ੁਰੂਆਤੀ ਤਿੰਨ ਸੈਮੀਫਾਈਨਲ (1958, 1982 ਅਤੇ 1986) 'ਚ ਹਾਰਿਆ ਸੀ। ਪਿਛਲੇ ਤਿੰਨ ਸੈਮੀਫਾਈਨਲ (1998, 2006 ਅਤੇ 2018) 'ਚ ਉਨ੍ਹਾਂ ਜਿੱਤ ਹਾਸਿਲ ਹੋਈ ਸੀ। ਦੂਜੇ ਪਾਸੇ ਮੋਰੱਕੋ ਦੀ ਟੀਮ ਪਹਿਲੀ ਵਾਰ ਸੈਮੀਫਾਈਨਲ ਖੇਡੀ ਹੈ। ਉਹ ਇਸ ਰਾਊਂਡ 'ਚ ਖੇਡਣ ਵਾਲੀ ਪਹਿਲੀ ਅਫ਼ਰੀਕੀ ਟੀਮ ਵੀ ਹੈ।

### ਮੈਸੀ ਨੂੰ ਖੇਡਦਿਆਂ ਦੇਖ ਭਾਵੁਕ ਹੋਇਆ ਅਰਜਨਟੀਨਾ ਦਾ ਕੋਚ

ਮੈਚ ਤੋਂ ਬਾਅਦ ਅਰਜਨਟੀਨਾ ਦਾ ਕੋਚ ਲਿਓਨਲ ਸਕਾਲੋਨੀ ਆਪਣੇ ਹੰਝੂ ਨਹੀਂ ਰੋਕ ਸਕਿਆ। ਉਸ ਨੇ ਕਿਹਾ, "ਮੈਂ ਉਸ ਨੂੰ ਕੋਚਿੰਗ ਦੇਣ ਅਤੇ ਖੇਡਦਿਆਂ ਦੇਖ ਕੇ ਮਾਣ ਮਹਿਸੂਸ ਕਰਦਾ ਹਾਂ। ਉਹ ਜਦੋਂ ਵੀ ਖੇਡਦਾ ਹੈ, ਦੂਜੇ ਖਿਡਾਰੀਆਂ, ਪ੍ਰਸ਼ੰਸਕਾਂ ਅਤੇ ਪੂਰੀ ਦੁਨੀਆ ਨੂੰ ਪ੍ਰੇਰਿਤ ਕਰਦਾ ਹੈ।" ਉਸ ਨੇ ਕਿਹਾ, "ਜੂਲੀਅਨ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਸ ਨੇ ਦੋ ਗੋਲ ਕਰਨ ਦੇ ਨਾਲ ਸਾਡੇ ਮਿਡਫੀਲਡਰਾਂ ਦੀ ਸਹਾਇਤਾ ਵੀ ਕੀਤੀ। ਇਨੀ ਛੋਟੀ ਉਮਰ ਵਿੱਚ ਅਜਿਹੀ ਖੇਡ ਸ਼ਲਾਘਾਯੋਗ ਹੈ।"

## ਅਰਜਨਟੀਨਾ ਨੇ ਕ੍ਰੋਏਸ਼ੀਆ ਨੂੰ ਹਰਾਇਆ

### ਮੈਸੀ ਦੀ ਟੀਮ ਨੇ 3-0 ਨਾਲ ਦਿੱਤੀ ਮਾਤ

ਲੁਸੈਲ (ਕਤਰ)-ਸਟਾਰ ਫੁਟਬਾਲ ਲਿਓਨਲ ਮੈਸੀ ਅਤੇ ਜੂਲੀਅਨ ਅਲਵਾਰੇਜ਼ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਬਦੌਲਤ ਅਰਜਨਟੀਨਾ ਨੇ ਕ੍ਰੋਏਸ਼ੀਆ ਨੂੰ 3-0 ਨਾਲ ਹਰਾ ਕੇ ਫੀਫਾ ਵਿਸ਼ਵ ਕੱਪ ਦੇ ਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਫਾਈਨਲ ਵਿੱਚ ਉਸ ਦਾ ਸਾਹਮਣਾ ਫਰਾਂਸ ਜਾਂ ਮੋਰੱਕੋ ਨਾਲ ਹੋਵੇਗਾ। ਆਪਣੇ ਪਹਿਲੇ ਮੈਚ ਵਿੱਚ ਸਾਊਦੀ ਅਰਬ ਤੋਂ ਹਾਰ ਦਾ ਸਾਹਮਣਾ ਕਰਨ ਮਗਰੋਂ ਅਰਜਨਟੀਨਾ ਵਿਸ਼ਵ ਕੱਪ ਵਿੱਚ ਹਾਲੇ ਤੱਕ ਕੋਈ ਮੈਚ ਨਹੀਂ ਹਾਰਿਆ। ਮੈਚ ਦੌਰਾਨ ਜਦੋਂ ਮੈਸੀ ਨੇ ਝੁਕ ਕੇ ਆਪਣੀ ਖੱਬੀ ਹੈਮਸਟ੍ਰਿੰਗ ਫੜੀ ਤਾਂ ਇੱਕ ਵਾਰ ਅਰਜਨਟੀਨਾ ਦੇ ਪ੍ਰਸ਼ੰਸਕਾਂ ਵਿੱਚ ਸੁੰਨ ਪੱਸਰ ਗਈ। ਕੁੱਝ ਨੂੰ ਲੱਗਾ ਕਿ ਇਹ ਸੁਪਰਸਟਾਰ ਸੈਮੀਫਾਈਨਲ ਵਿਚਾਲੇ ਹੀ ਛੱਡ ਦੇਵੇਗਾ ਪਰ ਕ੍ਰੋਏਸ਼ੀਆ ਦੀ ਕਿਸਮਤ ਇੰਨੀ ਚੰਗੀ ਨਹੀਂ ਸੀ। ਮੈਸੀ ਨਾ ਸਿਰਫ ਖੇਡਿਆ ਸਗੋਂ ਵਿਸ਼ਵ ਕੱਪ ਵਿੱਚ ਰਿਕਾਰਡ 25ਵੇਂ ਮੈਚ ਵਿੱਚ ਆਪਣਾ ਸਰਬੋਤਮ ਪ੍ਰਦਰਸ਼ਨ ਕੀਤਾ। ਉਸ ਨੇ ਪੈਨਲਟੀ 'ਤੇ ਗੋਲ ਕੀਤਾ ਅਤੇ ਅਲਵਾਰੇਜ਼ ਦੇ ਦੋ ਗੋਲਾਂ 'ਚ ਮਦਦ ਕੀਤੀ। ਇਸ ਦੇ ਨਾਲ ਹੀ ਦੁਨੀਆ ਭਰ ਦੇ ਮੈਸੀ ਅਤੇ ਅਰਜਨਟੀਨਾ ਦੇ ਸਮਰਥਕ ਜਸ਼ਨ ਮਨਾਉਣ ਲੱਗ ਪਏ। ਅਲਵਾਰੇਜ਼ 1958 ਤੋਂ ਬਾਅਦ ਵਿਸ਼ਵ ਕੱਪ ਸੈਮੀਫਾਈਨਲ ਵਿੱਚ ਦੋ ਗੋਲ ਕਰਨ ਵਾਲਾ ਦੂਜਾ ਸਭ ਤੋਂ ਘੱਟ ਉਮਰ ਦਾ ਖਿਡਾਰੀ ਹੈ। ਪੇਲੇ ਨੇ ਇਹ ਕਾਰਨਾਮਾ 1958 ਵਿੱਚ 17 ਸਾਲ ਦੀ ਉਮਰ 'ਚ ਕੀਤਾ ਸੀ। ਮੈਸੀ ਨੇ ਮੈਚ ਤੋਂ ਬਾਅਦ ਕਿਹਾ, "ਮੇਰੇ ਦਿਮਾਗ 'ਚ ਬਹੁਤ ਕੁਝ ਚੱਲ ਰਿਹਾ ਹੈ। ਇਹ ਬਹੁਤ ਭਾਵੁਕ ਪਲ ਹਨ। ਪੂਰੇ ਟੂਰਨਾਮੈਂਟ ਵਿੱਚ ਪ੍ਰਸ਼ੰਸਕਾਂ ਅਤੇ ਪਰਿਵਾਰ ਵੱਲੋਂ ਅਜਿਹਾ ਸਮਰਥਨ ਬਹੁਤ ਮਾਇਨੇ ਰੱਖਦਾ ਹੈ। ਅਸੀਂ ਫਾਈਨਲ ਵਿੱਚ ਪਹੁੰਚਣਾ ਚਾਹੁੰਦੇ ਸੀ ਅਤੇ ਅਜਿਹਾ ਹੋ ਗਿਆ ਹੈ।" ਇਹ ਮੈਸੀ ਦਾ ਦੂਜਾ ਅਤੇ ਸੰਭਾਵੀ ਤੌਰ 'ਤੇ ਆਖਰੀ ਵਿਸ਼ਵ ਕੱਪ ਫਾਈਨਲ ਹੋਵੇਗਾ। ਇਸ ਤੋਂ ਪਹਿਲਾਂ 2014 ਵਿੱਚ ਅਰਜਨਟੀਨਾ ਨੂੰ ਜਰਮਨੀ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਹੁਣ ਉਸ ਕੋਲ ਖਿਤਾਬ ਨਾਲ ਫੁਟਬਾਲ ਨੂੰ ਅਲਵਿਦਾ ਕਹਿਣ ਦਾ ਸੁਨਹਿਰੀ ਮੌਕਾ ਹੈ। 35 ਸਾਲ ਦੀ ਉਮਰ ਵਿੱਚ ਜਿਸ ਤਰ੍ਹਾਂ ਚੁਸਤੀ ਅਤੇ ਕਲਾਤਮਕਤਾ ਨਾਲ ਮੈਸੀ ਨੇ 69ਵੇਂ ਮਿੰਟ 'ਚ ਅਵਾਰੇਜ਼ ਨੂੰ ਦੂਜੇ ਗੋਲ ਲਈ ਗੇਂਦ ਸੌਂਪੀ, ਉਹ ਉਸ ਦੇ ਆਤਮਵਿਸ਼ਵਾਸ ਅਤੇ ਹੁਨਰ ਦੀ ਕਹਾਣੀ ਬਿਆਨ ਕਰਦਾ ਹੈ। ਇਸ ਵਿਸ਼ਵ ਕੱਪ ਵਿੱਚ ਮੈਸੀ ਹੁਣ ਤੱਕ ਛੇ ਮੈਚਾਂ ਵਿੱਚ ਪੰਜ ਗੋਲ ਕਰ ਚੁੱਕਾ ਹੈ। ਇਸ ਹਾਰ ਦੇ ਨਾਲ ਹੀ ਕ੍ਰੋਏਸ਼ੀਆ ਦਾ ਲਗਾਤਾਰ ਦੂਜੀ ਵਾਰ ਫਾਈਨਲ ਵਿੱਚ ਪੁਹੰਚਣ ਦਾ ਸੁਫ਼ਨਾ ਟੁੱਟ ਗਿਆ। ਕ੍ਰੋਏਸ਼ੀਆ ਦੇ ਸਟਾਰ ਮਿਡਫੀਲਡਰ ਲੂਕਾ ਮੋਡਰਿਚ ਦਾ ਵੀ ਇਹ ਆਖਰੀ ਵਿਸ਼ਵ ਕੱਪ ਮੈਚ ਸੀ। 81ਵੇਂ ਮਿੰਟ ਵਿੱਚ ਉਸ ਦੀ ਜਗ੍ਹਾ ਕਿਸੇ ਹੋਰ ਖਿਡਾਰੀ ਨੂੰ ਮੈਦਾਨ ਵਿੱਚ ਉਤਾਰਿਆ ਗਿਆ।





ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

EXPERIENCE • INTEGRITY • RESULTS

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



CEDRIC HUGHES
LAWYER
Over 20 years serving the community




★★★★★
4.9 STAR
Google
REVIEW !

Link!
hughesco.com
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# TRANSource FREIGHTWAYS

## Pin to Pin (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




Fuel and Insurance Paid by Company
**NO DEDUCTIONS!!**

ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604-808-9805**

Email:safety@transourcefreightways.com


# ਛੋਟੇ ਸਾਹਿਬਜ਼ਾਦਿਆਂ ਦਾ ਸ.ਫਰ-ਏ-ਸ਼ਹਾਦਤ

6 ਪੋਹ 1704 ਤੋਂ ਲੈ ਕੇ 13 ਪੋਹ 1704 ਤੱਕ ਜਿਸ ਨੂੰ ਬਿਆਨ ਕਰਨਾ ਤਾਂ ਦੂਰ ਦੀ ਗੱਲ ਹੈ, ਬਲਕਿ ਇਸ ਬਾਰੇ ਸੋਚਦਿਆਂ ਵੀ ਮਨੁੱਖੀ ਰੂਹ ਅੰਦਰ ਝਰਨਾਹਟ ਛਿੜ ਜਾਂਦੀ ਹੈ। ਨਿਗਾਹ ਅਨੰਦਪੁਰ ਸਾਹਿਬ ਦੇ ਰੂਹਾਨੀ ਨਜ਼ਾਰਿਆਂ ਨੂੰ ਤੱਕਦੀ ਹੈ ਤਾਂ ਮਨੁੱਖੀ ਆਤਮਾ ਕਲਗੀਧਰ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰੇਮ ਰੰਗ ਵਿਚ ਸਰਸ਼ਾਰ ਹੋ ਉੱਠਦੀ ਹੈ। 6 ਪੋਹ ਦੀ ਰਾਤ ਨੂੰ ਗੁਰੂ ਸਾਹਿਬ ਦੇ ਸਿੱਖਾਂ ਅਤੇ ਪਰਿਵਾਰ ਦੇ ਕਾਫ਼ਲੇ ਸਮੇਤ ਸ੍ਰੀ ਅਨੰਦਪੁਰ ਸਾਹਿਬ ਤੋਂ ਅਣਕਿਆਸੀ ਮੰਜ਼ਿਲ ਵੱਲ ਤੁਰ ਪਏ। ਬਦਨੀਯਤ ਹਾਕਮਾਂ ਦੀ ਖੋਟ ਤੋਂ ਜਾਣੂ ਸਤਿਗੁਰੂ ਜੀ ਨੇ ਕਾਫ਼ਲੇ ਨੂੰ ਮੂਹਰਲੀ ਕਤਾਰ ਅਤੇ ਪਿਛਲੀ ਬਾਹੀ ਤੋਂ ਜਾਂਬਾਜ਼ ਯੋਧਿਆਂ ਦੇ ਸਖ਼ਤ ਪਹਿਰਿਆਂ ਹੇਠ ਪੂਰੀ ਤਰ੍ਹਾਂ ਮਜ਼ਬੂਤ ਕੀਤਾ। ਧਰਮ ਤੋਂ ਕੋਰੇ ਅਤੇ ਜ਼ੁਬਾਨ ਦੇ ਕੱਚੇ ਹਾਕਮਾਂ ਨੇ ਸ਼ਾਹੀ ਟਿੱਬੀ ਦੇ ਕੋਲ ਗੁਰੂ ਸਾਹਿਬ ਦੇ ਕਾਫ਼ਲੇ ਉੱਤੇ ਪਿੱਠ ਪਿੱਛਿਓਂ ਹਮਲਾ ਕਰ ਦਿੱਤਾ। ਜੰਗੀ ਨੁਕਤੇ ਤੋਂ ਮਾਹਿਰ ਸਿੰਘ ਗੁਰੂ ਸਾਹਿਬ ਦੀ ਅਗਵਾਈ-ਮਨੁੱਖੀ ਸਰੀਰਾਂ ਦੀ ਮੋਰਚਾ-ਬੰਦੀ ਕਰਕੇ ਲੜਦੇ-ਲੜਦੇ ਸਫ਼ਰ-ਏ-ਸ਼ਹਾਦਤ 'ਤੇ ਅੱਗੇ ਵਧਦੇ ਜਾ ਰਹੇ ਸਨ। ਸਿਰਸਾ ਦੇ ਤਟ 'ਤੇ ਸਤਿਗੁਰੂ ਜੀ ਨੇ 7 ਪੋਹ ਦਾ ਅੰਮ੍ਰਿਤ ਵੇਲਾ ਬਾਣੀ ਦੇ ਸਰੂਰ ਤੇ ਕੀਰਤਨ ਦੇ ਰਸ ਵਿਚ ਗੁਜ਼ਾਰਿਆ। ਰੂਹਾਨੀ ਤਰੋ-ਤਾਜ਼ਗੀ ਨਾਲ ਇਸ ਸਫ਼ਰ ਦੇ ਮੁਸਾਫ਼ਰਾਂ ਨੇ 7 ਪੋਹ ਦੀ ਪ੍ਰਭਾਤ ਨੂੰ ਹੜ੍ਹੀ ਹੋਈ ਸਰਸਾ ਨਦੀ ਨੂੰ ਪਾਰ ਕੀਤਾ। ਮੰਜ਼ਿਲ ਵੱਲ ਵਧਦੇ ਮੁਸਾਫ਼ਰਾਂ ਦਾ ਧਰਮ ਦਾ ਸਫ਼ਰ ਹੋਰ ਵੀ ਬਿਖੜ ਹੁੰਦਾ ਗਿਆ। ਸਫ਼ਰ-ਏ-ਸ਼ਹਾਦਤ ਦੇ ਪਾਂਧੀ ਮਾਂ ਗੁਜਰੀ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਸਾਡੇ ਸਫ਼ਰ ਲਈ ਮਾਰਗ ਦਰਸ਼ਕ ਬਣ ਕੇ 7 ਪੋਹ ਦੀ ਰਾਤ ਸਰਸਾ ਅਤੇ ਸਤਲੁਜ ਦੇ ਸੰਗਮ ਤੇ ਬੇੜੀ ਦੇ ਮਲਾਹ ਕੁੰਮਾਂ ਮਾਸ਼ਕੀ (ਕਰੀਮਬਖ਼ਸ਼) ਦੀ ਕੱਖਾਂ ਦੀ ਛੰਨ ਵਿਚ ਜਾ ਪਹੁੰਚੇ। 8 ਪੋਹ ਦੀ ਪ੍ਰਭਾਤ ਨੂੰ ਪੱਤਣ 'ਤੇ ਮਿਲਿਆ ਗੰਗੂ ਗੁਰੂ ਲਾਲਾਂ ਤੇ ਮਾਤਾ ਜੀ ਨੂੰ ਆਪਣੇ ਪਿੰਡ (ਮੋਰਿੰਡੇ ਦੇ ਨੇੜੇ) ਖੇੜੀ ਲੈ ਗਿਆ। ਇਨਾਮ ਦੇ ਲਾਲਚ ਵਿਚ ਮੋਰਿੰਡੇ ਦੇ ਕੋਤਵਾਲ ਜਾਨੀ ਖਾਂ, ਮਾਨੀ ਖਾਂ ਨੂੰ ਬੁਲਾ ਗ੍ਰਿਫ਼ਤਾਰ ਕਰਵਾ ਕੇ ਸਹੇੜੇ ਪਾਪ ਸਦਕਾ ਇਸ ਨਗਰ ਨੂੰ ਸਿੱਖ ਜਗਤ ਨੇ ਸਹੇੜੀ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਇਹੀ ਨਾਂਅ ਅੱਜ ਵੀ ਪ੍ਰਚੱਲਿਤ ਹੈ। ਕੈਦੀ ਬਣਾ ਕੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਮੋਰਿੰਡੇ ਦੀ ਕੋਤਵਾਲੀ ਪਹੁੰਚਾਇਆ ਗਿਆ। ਧਰਮ ਦੇ ਪਾਂਧੀਆਂ ਦਾ ਸਫ਼ਰ ਸ਼ਹਾਦਤ ਦੇ ਪੰਧ ਵੱਲ ਜਾਰੀ ਰਿਹਾ। 9 ਪੋਹ ਦੀ ਰਾਤ ਇਸ ਕਾਲ ਕੋਠੜੀ ਵਿਚ ਗੁਜ਼ਾਰਨ ਤੋਂ ਬਾਅਦ ਇਨ੍ਹਾਂ ਅਚਰਜ ਮੰਜ਼ਿਲ ਦੇ ਅਚਰਜ ਰਾਹੀਆਂ ਨੂੰ ਸਿਤਮਾਂ ਦੀ ਨਗਰੀ ਸਰਹਿੰਦ ਵੱਲ ਤੋਰ ਦਿੱਤਾ



ਗਿਆ। ਧਰਮੀ ਰੂਹਾਂ ਦੇ ਪਥ-ਪ੍ਰਦਰਸ਼ਕ ਬਣ ਕੇ ਇਹ ਰਾਹੀ 10 ਪੋਹ ਦੀ ਰਾਤ ਨੂੰ ਸਰਹਿੰਦ ਦੀ ਨਦੀ ਹੰਸਲਾ ਦੇ ਕਿਨਾਰੇ ਵਸੇ 140 ਫੁੱਟ ਉੱਚੇ ਠੰਢੇ ਬੁਰਜ ਵਿਚ ਕੈਦ ਕਰ ਦਿੱਤੇ ਗਏ। ਬਿਨਾਂ ਕੁਝ ਖਾਣ-ਪੀਣ ਅਤੇ ਲੇਫ਼ ਤਲਾਈਆਂ ਸੀਤ ਰਾਤ ਉੱਚੇ ਮੀਨਾਰ ਵਿਚ ਕੈਦ ਰੱਖਣਾ ਜ਼ੁਲਮੋਂ ਸਿਤਮ ਦਾ ਹੀ ਇਕ ਤਰੀਕਾ ਸੀ। 11 ਪੋਹ ਨੂੰ ਸੂਬਾ-ਏ-ਸਰਹਿੰਦ ਦੀ ਚੰਡਾਲ ਸਭਾ ਵਿਚ ਮਾਤਾ ਜੀ ਤੋਂ ਜੁਦਾ ਕਰਕੇ ਪਹਿਲੀ ਪੇਸ਼ੀ ਵਿਚ ਲਿਆਂਦਾ ਗਿਆ, ਜਿਸ ਨੂੰ ਸਿੱਖ ਪਹਿਲੀ ਸਭਾ ਕਹਿੰਦੇ ਹਨ।

ਪਹਿਲੇ ਦਿਨ ਗੁਰੂ ਲਾਲਾਂ ਨੂੰ ਪਿਆਰ ਨਾਲ ਪਲੋਸ ਕੇ ਵਰਗਲਾਉਣ ਦਾ ਯਤਨ ਕੀਤਾ ਗਿਆ। ਪਰ ਧਰਮ ਦੇ ਪਾਂਧੀਆਂ ਨੂੰ ਕੋਈ ਭਰਮ ਭੁਲਾ ਨਾ ਸਕਿਆ। ਅਗਲੇਰੀ ਰਾਤ ਫਿਰ ਠੰਢੇ ਬੁਰਜ ਵਿਚ ਗੁਜ਼ਾਰਨ ਤੋਂ ਬਾਅਦ 12 ਪੋਹ ਦੀ ਦੂਜੀ ਪੇਸ਼ੀ ਲਈ ਲਿਆਂਦਾ ਗਿਆ। ਅੱਜ ਸਖ਼ਤੀ ਤੋਂ ਕੰਮ ਲਿਆ ਗਿਆ ਅਤੇ ਵਲ-ਛਲ ਵੀ



ਵਰਤੇ ਗਏ। ਪਰ ਸਿੱਖੀ ਜੋਸ਼ ਤੇ ਹੋਸ਼ ਵਿਚ ਸੰਪੰਨ ਗੁਰੂ ਜੀ ਦੇ ਸਪੂਤ ਆਪਣੀ ਮੰਜ਼ਿਲ ਦੀ ਹਰ ਰੁਕਾਵਟ ਦੂਰ ਕਰਦੇ ਗਏ।

ਓੜਕ ਤਿੰਨ ਰਾਤਾਂ ਮਾਂ ਗੁਜਰੀ ਜੀ ਦੇ ਮਮਤਾ ਦੇ ਨਿੱਘ, ਬਾਣੀ ਦੀਆਂ ਲੋਰੀਆਂ ਅਤੇ ਸਿੱਖੀ ਦੇ ਰੰਗ ਵਿਚ ਗੁਜ਼ਾਰਨ ਤੋਂ ਬਾਅਦ 13 ਪੋਹ ਨੂੰ ਸਮੁੱਚੇ ਖ਼ਾਲਸਾ ਪੰਥ ਦੀ ਨੁਮਾਇੰਦਗੀ ਕਰਦੇ ਮਾਂ ਜੀਤੋ ਦੇ ਲਾਡਲੇ ਆਖ਼ਰੀ ਇਮਤਿਹਾਨ ਲਈ ਤੁਰ ਪਏ। ਮਾਂ ਗੁਜਰੀ ਜੀ ਨੇ ਸਾਹਿਬਜ਼ਾਦਿਆਂ ਨੂੰ ਕੇਸਾਂ ਵਿਚ ਕੰਘੀ ਕਰਕੇ ਸਿਰਾਂ 'ਤੇ ਦਸਤਾਰਾਂ ਸਜਾ ਮੰਜ਼ਿਲ-ਏ-ਮਕਸੂਦ ਵੱਲ ਤੋਰ ਦਿੱਤਾ। ਰੋਜ਼ ਦੀ ਤਰ੍ਹਾਂ ਗੁਰੂ ਸਪੂਤਾਂ ਨੇ ਜ਼ਾਲਮਾਂ ਦੀ ਸਭਾ ਵਿਚ ਗੱਜ ਕੇ ਫ਼ਤਹਿ ਬੁਲਾਈ ਤੇ ਲਾੜੀ ਮੌਤ ਵਰਨ ਲਈ ਤਿਆਰ ਹੋ ਗਏ। ਫ਼ਤਵੇ ਅਨੁਸਾਰ ਕੰਧ ਉਸਰਨੀ ਸ਼ੁਰੂ ਹੋਈ, ਮੌਤ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਖੜ੍ਹੀਆਂ ਨਿਰਭੈ ਆਤਮਾਵਾਂ ਸਿੱਖਾਂ ਦਾ ਰਾਹ ਹੀ ਤਾਂ ਰੌਸ਼ਨ ਕਰ ਰਹੀਆਂ ਸਨ। ਦੀਵਾਰ ਉੱਸਰਦੀ ਗਈ, ਸਾਹ ਰੁਕਦੇ ਗਏ, ਫਿਰ ਬੇਹੋਸ਼ ਹੋਣ ਤੋਂ ਬਾਅਦ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚੋਂ ਕੱਢ ਕੇ ਤਲੀਆਂ ਤੱਕ ਝੱਸ-ਝੱਸ ਕੇ ਹੋਸ਼ ਵਿਚ ਲਿਆ ਕੇ ਭਿਅੰਕਰ ਅੱਖਾਂ ਨਾਲ ਤੱਕਦਿਆਂ ਕਰੂਰ ਬੋਲਾਂ ਨਾਲ ਸੋਹਲ ਜਿਹੀਆਂ ਕਲੀਆਂ ਨੂੰ ਦੁਬਾਰਾ ਭਿਆਨਕ ਦੁੱਖਾਂ ਵਾਲੀ ਮੌਤ ਜਾਂ ਸੰਸਾਰ ਦੇ ਸਭ ਸੁੱਖਾਂ ਵਾਲੀ ਜ਼ਿੰਦਗੀ ਚੁਣਨ ਲਈ ਕਿਹਾ। ਗੁਰੂ ਕੇ ਫ਼ਰਜ਼ੰਦਾਂ ਉਹੀ ਜਵਾਬ ਦੁਹਰਾਇਆ ਕਿ ਬੇਗ਼ੈਰਤ ਹੋ ਕੇ ਅਤੇ ਪੱਤ ਗਵਾ ਕੇ ਜਿਊਣ ਨਾਲੋਂ ਅਣਖ ਦੀ ਮੌਤ ਕਿਤੇ ਬਿਹਤਰ ਹੈ। ਸਮਾਣੇ ਦੇ ਵਾਸੀ ਜਲਾਦ ਸਾਸ਼ਲ ਬੇਗ, ਬਾਸ਼ਲ ਬੇਗ ਦੇ ਜ਼ਾਲਮ ਹੱਥਾਂ ਦੀ ਹਰਕਤ ਹੋਈ। ਕਲੀਆਂ ਨਾਲੋਂ ਸੋਹਲ ਜਿੰਦਾਂ ਦੀਆਂ ਸ਼ਾਹਰਗਾਂ ਅੱਧੀਆਂ ਕੱਟੀਆਂ ਗਈਆਂ (ਜਿਵ੍ਹਾ ਕਰਨ ਦਾ ਤਰੀਕਾ) ਖ਼ੂਨ ਦੇ ਛੱਪੜ ਲੱਗ ਗਏ। ਕੁਝ ਘੜੀਆਂ ਤੜਫਣ ਤੋਂ ਬਾਅਦ ਪਿਆਰੇ ਸਾਹਿਬਜ਼ਾਦਿਆਂ ਦੇ ਸਰੀਰ ਠੰਢੇ ਹੋ ਗਏ ਅਤੇ ਜੋਤੀ ਜੋਤਿ ਵਿਚ ਰਲ ਗਈ।

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ
ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ ॥

ਨੰਨ੍ਹੇ-ਨੰਨ੍ਹੇ ਕਦਮਾਂ ਨਾਲ ਵੱਡੀਆਂ ਪੁਲਾਂਘਾਂ ਪੁੱਟਦਿਆਂ ਗੁਰੂ ਕੇ ਪਿਆਰੇ ਸਾਹਿਬਜ਼ਾਦੇ ਸਾਨੂੰ ਜ਼ਿੰਦਗੀ ਦਾ ਰਸਤਾ ਸਮਝਾ ਕੇ ਸਦੀਵੀ ਅਟੱਲ ਸੱਚ ਵਿਚ ਸਮਾ ਗਏ। ਜ਼ੁਲਮੋ ਸਿਤਮ ਤਨ 'ਤੇ ਹੰਢਾਉਂਦਿਆਂ ਠੰਢੇ ਬੁਰਜ ਵਿਚ ਮਾਂ ਗੁਜਰੀ ਜੀ ਵੀ ਸਿਰ ਦੇ ਸਾਈਂ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਵਿਚ ਮੁਕਾਮ ਪਾ ਗਏ। ਪਰ ਸਾਡੇ ਲਈ ਸਦੀਵੀ ਰਸਤਾ ਰੌਸ਼ਨ ਕਰਕੇ ਪੰਥ ਨੂੰ ਜ਼ਿੰਦਗੀ ਦਾ ਮਕਸਦ ਸਮਝਾ ਗਏ। ਜਿਸ ਰਸਤੇ 'ਤੇ ਚਲਦਿਆਂ ਕੇਵਲ 5 ਕੁ ਵਰ੍ਹਿਆਂ ਦੇ ਵਕਫ਼ੇ ਵਿਚ ਹੀ ਏਸੇ ਸਿਤਮਾਂ ਦੀ ਨਗਰੀ ਵਿਚ ਵਜੀਦੇ ਪਾਪੀ ਨੂੰ ਸੋਧ ਕੇ ਸੁੱਚਾ ਨੰਦ ਜਿਹਿਆਂ ਨੂੰ ਕਰਨੀ ਦਾ ਫਲ ਭੁਗਤਾ, ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟ ਕੇ, ਫ਼ਤਹਿ ਦੇ ਡੰਕੇ ਵਜਾ ਫ਼ਤਹਿਗੜ੍ਹ ਸਾਹਿਬ ਸਥਾਪਿਤ ਕਰਕੇ ਖ਼ਾਲਸਾ ਰਾਜ ਦਾ ਮੁੱਢ ਬੰਨ੍ਹ ਦਿੱਤਾ ਤੇ ਲੋਕਾਈ ਦੀ ਜ਼ਿੰਦਗੀ ਸਕੂਨ ਪਾਉਣ ਲੱਗੀ।

—ਵਰਿੰਦਰ ਕੌਰ


SUNNYSANGHA • PERSONAL REAL ESTATE CORPORATION

**14317 31A AVENUE, SURREY**




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA

CENTURY 21

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
8Lt
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਸਿੱਖ ਸੰਸਥਾਵਾਂ 'ਤੇ ਕੇਂਦਰ ਸਰਕਾਰ ਦੀ ਅੱਖ-ਸੁਖਬੀਰ ਸਿੰਘ ਬਾਦਲ

## ਟਰਾਂਸਪੋਰਟਰਾਂ ਨੂੰ 'ਮਾਫੀਆ' ਕਹਿਣ 'ਤੇ ਲਾਲਜੀਤ ਭੁੱਲਰ ਨੂੰ ਕਾਨੂੰਨੀ ਨੋਟਿਸ ਭੇਜਣ ਦੀ ਤਿਆਰੀ

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦਾ 102ਵਾਂ ਸਥਾਪਨਾ ਦਿਵਸ ਅੱਜ ਇਥੇ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਮਨਾਇਆ ਗਿਆ। ਇਸ ਮੌਕੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੁਝ ਵਿਰੋਧੀ ਤਾਕਤਾਂ ਸਿੱਖ ਸੰਸਥਾਵਾਂ ਨੂੰ ਤੋੜਨ ਅਤੇ ਇਨ੍ਹਾਂ ਸੰਸਥਾਵਾਂ ਦੇ ਅਹਿਮ ਅਹੁਦਿਆਂ 'ਤੇ ਆਪਣੀ ਕਬਜ਼ਾ ਕਰਨਾ ਚਾਹੁੰਦੀਆਂ ਹਨ, ਜਿਨ੍ਹਾਂ ਖ਼ਿਲਾਫ਼ ਸਿੱਖ ਪੰਥ ਨੂੰ ਇਕਜੁੱਟ ਹੋਣਾ ਚਾਹੀਦਾ ਹੈ। ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸਥਾਪਨਾ ਦਿਵਸ ਸਬੰਧੀ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਸੁਖਬੀਰ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖ ਸੰਸਥਾਵਾਂ ਦੇ ਮੁਖੀਆਂ ਵਜੋਂ ਆਪਣੀਆਂ ਰਬੜ ਦੀਆਂ ਮੋਹਰਾਂ ਨੂੰ ਨਿਯੁਕਤ ਕਰਨਾ ਚਾਹੁੰਦੀ ਹੈ, ਜੋ ਬਹੁਤ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਤਰੱਕੀ ਤਾਂ ਹੀ ਸੰਭਵ ਹੈ ਜੇਕਰ ਸਾਰੇ ਧਰਮਾਂ ਤੇ ਫਿਰਕਿਆਂ ਦਾ ਸਤਿਕਾਰ ਹੋਵੇ। ਸ਼੍ਰੋਮਣੀ ਅਕਾਲੀ ਦਲ ਇਸ ਉਦੇਸ਼ ਵਾਸਤੇ ਸਭ ਨੂੰ ਨਾਲ ਲੈ ਕੇ ਚੱਲਣ ਲਈ ਦ੍ਰਿੜ੍ਹ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਸੂਬੇ ਦੇ ਟਰਾਂਸਪੋਰਟਰਾਂ ਨੂੰ 'ਮਾਫੀਆ' ਕਹੇ ਜਾਣ ਦਾ ਸਖ਼ਤ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਟਰਾਂਸਪੋਰਟ ਮੰਤਰੀ ਨੂੰ ਕਾਨੂੰਨੀ ਨੋਟਿਸ ਭੇਜ ਰਹੇ ਹਨ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਪੰਜਾਬੀਆਂ ਦਾ ਕਿੱਤਾ ਹੈ ਅਤੇ ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਟਰਾਂਸਪੋਰਟ ਦੇ ਖੇਤਰ ਵਿੱਚ ਮੱਲਾਂ ਮਾਰੀਆਂ ਹਨ। ਉਨ੍ਹਾਂ ਨੂੰ ਮਾਫੀਆ ਕਹਿਣਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਆਜ਼ਾਦੀ ਵੇਲੇ ਤੋਂ ਟਰਾਂਸਪੋਰਟ ਦੇ ਕਿੱਤੇ ਵਿਚ ਹੈ ਅਤੇ ਕਦੇ ਵੀ ਕੋਈ ਗੈਰਕਾਨੂੰਨੀ ਕੰਮ ਨਹੀਂ ਕੀਤਾ। ਤਤਕਾਲੀ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਨੇ ਵੀ ਉਨ੍ਹਾਂ ਦੀਆਂ ਬੱਸਾਂ ਰੋਕਣ ਦਾ ਯਤਨ ਕੀਤਾ ਸੀ ਪਰ ਹਾਈ ਕੋਰਟ ਨੇ ਰਾਹਤ ਦਿੱਤੀ ਸੀ। ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਗਈ ਹੈ।





# ਜਥੇਦਾਰ ਬ੍ਰਹਮਪੁਰਾ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

ਸ੍ਰੀ ਗੋਇੰਦਵਾਲ ਸਾਹਿਬ-ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਅੱਜ ਉਨ੍ਹਾਂ ਦੇ ਜੱਦੀ ਪਿੰਡ ਬ੍ਰਹਮਪੁਰਾ ਵਿੱਚ ਸੇਜਲ ਅੱਖਾਂ ਨਾਲ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦਾ ਬੀਤੇ ਦਿਨ ਸੰਖੇਪ ਬਿਮਾਰੀ ਮਗਰੋਂ ਪੀਜੀਆਈ ਚੰਡੀਗੜ੍ਹ ਵਿੱਚ ਦੇਹਾਂਤ ਹੋ ਗਿਆ ਸੀ। ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਦਿਖਾਈ। ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਅੰਤਿਮ ਵਿਦਾਇਗੀ ਦੇਣ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ, ਪ੍ਰੇਮ ਸਿੰਘ ਚੰਦੂਮਾਜਰਾ, ਵਿਰਸਾ ਸਿੰਘ ਵਲਟੋਹਾ, ਅਨਿਲ ਕੁਮਾਰ ਜੋਸ਼ੀ, ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਜਥੇਬੰਦਕ ਸਕੱਤਰ ਕੁਲਦੀਪ ਸਿੰਘ ਔਲਖ, ਕਾਂਗਰਸ ਦੇ ਸੀਨੀਅਰ ਆਗੂ ਭੁਪਿੰਦਰ ਸਿੰਘ ਖਵਾਸਪੁਰ ਸਮੇਤ ਕਈ ਹੋਰ ਆਗੂ ਹਾਜ਼ਰ ਸਨ। ਸੁਖਬੀਰ ਬਾਦਲ ਨੇ ਆਖਿਆ ਕਿ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਸ਼੍ਰੋਮਣੀ ਅਕਾਲੀ ਦਲ ਦੇ ਨਿਧੜਕ ਆਗੂ ਸਨ, ਜਿਨ੍ਹਾਂ ਦੇ ਜਾਣ ਨਾਲ ਸਮੁੱਚੇ ਅਕਾਲੀ ਦਲ ਅਤੇ ਮਾਝਾ ਖੇਤਰ ਨੂੰ ਵੱਡਾ ਘਾਟਾ ਪਿਆ ਹੈ। ਇਸ ਮੌਕੇ ਸੁਖਬੀਰ, ਮਜੀਠੀਆ ਅਤੇ ਹੋਰ ਆਗੂਆਂ ਨੇ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦੇ ਦੇਹ 'ਤੇ ਸਿਰੋਪਾਓ ਅਤੇ ਦੁਸ਼ਾਲਾ ਭੇਟ ਕਰਕੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ। ਜਥੇਦਾਰ ਬ੍ਰਹਮਪੁਰਾ ਦੇ ਸਸਕਾਰ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।


ROHITA PANNU
LAW CORPORATION
BARRISTER & SOLICITOR




SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

• ਨੋਟਰੀ ਸੇਵਾਵਾਂ
• ਵਸੀਅਤਨਾਮਾ
• ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
• ਹਲਫੀਆ ਬਿਆਨ
• ਘਰਾਂ ਦੀ ਖਰੀਦੋ- ਫਰੋਖਤ
• ਮੋਰਟਗੇਜ਼
• ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


# ਰੂਸੀ ਡਰੋਨਾਂ ਵੱਲੋਂ ਕੀਵ ਵਿਚ 5 ਇਮਾਰਤਾਂ ਤਬਾਹ

ਕੀਵ-ਰੂਸੀ ਡਰੋਨਾਂ ਨੇ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਪੰਜ ਇਮਾਰਤਾਂ ਤਬਾਹ ਕਰ ਦਿੱਤੀਆਂ ਹਨ ਜਦੋਂਕਿ ਯੂਕਰੇਨ ਦੀ ਹਵਾਈ ਸੈਨਾ ਨੇ ਇਨ੍ਹਾਂ ਵਿਚੋਂ ਕਈ ਡਰੋਨਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ। ਅਥਾਰਿਟੀਜ਼ ਨੇ ਕਿਹਾ ਕਿ ਡਰੋਨ ਹਮਲਿਆਂ ਦੌਰਾਨ ਕਿਸੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ ਹੈ। ਰੂਸ ਵੱਲੋਂ ਹਾਲੀਆ ਹਫ਼ਤਿਆਂ ਵਿੱਚ ਯੂਕਰੇਨ ਦੇ ਪੂਰਬੀ ਤੇ ਦੱਖਣੀ ਹਿੱਸੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲਿਆਂ ਵਿੱਚ ਬੁਨਿਆਦੀ ਢਾਂਚੇ ਤੇ ਵਸੋਂ ਵਾਲੇ ਹੋਰਨਾਂ ਇਲਾਕਿਆਂ ਵਿਚ ਵੱਡਾ ਨੁਕਸਾਨ ਹੋਇਆ ਹੈ। ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਸੰਖੇਪ ਵੀਡੀਓ ਬਿਆਨ ਵਿੱਚ ਕਿਹਾ ਕਿ 'ਦਹਿਸ਼ਤਗਰਦਾਂ' ਨੇ ਇਰਾਨ ਦੇ ਬਣੇ 13 ਡਰੋਨ ਦਾਗ਼ੇ ਤੇ ਇਨ੍ਹਾਂ ਸਾਰਿਆਂ ਨੂੰ ਹੇਠਾਂ ਸੁੱਟ ਲਿਆ ਗਿਆ। ਰੂਸ ਵੱਲੋਂ ਹਾਲੀਆ ਹਫ਼ਤਿਆਂ ਦੌਰਾਨ ਯੂਕਰੇਨ ਦੇ ਵੱਖ ਵੱਖ ਹਿੱਸਿਆਂ ਨੂੰ ਨਿਸ਼ਾਨ ਬਣਾ ਕੇ ਕੀਤੇ ਹਮਲੇ ਵਿਚ ਮੋਰਟਾਰ ਤੇ ਰਾਕੇਟਾਂ ਤੋਂ ਇਲਾਵਾ ਡਰੋਨ ਵੀ ਸ਼ਾਮਲ ਸਨ। ਕੀਵ ਸਿਟੀ ਪ੍ਰਸ਼ਾਸਨ ਦੇ ਮੁਖੀ ਸੈਰਹੀ ਪੋਪਕੋ ਨੇ ਟੈਲੀਗਰਾਮ 'ਤੇ ਲਿਖਿਆ ਕਿ ਹਮਲੇ ਦੋ ਹਿੱਸਿਆਂ ਵਿੱਚ ਹੋਏ। ਪਹਿਲੇ ਹਮਲੇ ਵਿੱਚ ਡਰੋਨਾਂ ਜ਼ਰੀਏ ਪ੍ਰਸ਼ਾਸਨਿਕ ਇਮਾਰਤ ਨੂੰ ਤਬਾਹ ਕੀਤਾ ਗਿਆ ਜਦੋਂਕਿ ਚਾਰ ਰਿਹਾਇਸ਼ੀ ਇਮਾਰਤਾਂ ਨੂੰ ਮਾਮੂਲੀ ਨੁਕਸਾਨ ਪੁੱਜਾ ਹੈ। ਹਮਲੇ ਮਗਰੋਂ ਰਾਜਧਾਨੀ ਕੀਵ ਵਿੱਚ ਸੁੰਨ ਪਸਰੀ ਰਹੀ। ਉਂਜ ਹਮਲੇ ਕਰਕੇ ਕੇਂਦਰੀ ਸ਼ੇਵਚੈਂਕੀਵਸਕੀ ਸੂਬੇ ਦੀ ਤਿੰਨ ਮੰਜ਼ਿਲਾ ਪ੍ਰਸ਼ਾਸਨਿਕ ਇਮਾਰਤ ਦੀ ਛੱਤ 'ਤੇ ਵੱਡਾ ਮੋਘਾ ਹੋ ਗਿਆ ਤੇ ਧਮਾਕੇ ਕਰਕੇ ਉਥੇ ਖੜ੍ਹੀਆਂ ਕਾਰਾਂ ਤੇ ਨੇੜਲੀ ਇਮਾਰਤ ਦੇ ਸ਼ੀਸ਼ੇ ਟੁੱਟ ਗਏ। ਇਸ ਤੋਂ ਪਹਿਲਾਂ ਯੂਕਰੇਨੀ ਫੌਜਾਂ ਨੇ 5 ਦਸੰਬਰ ਨੂੰ ਰੂਸੀ ਫੌਜ ਵੱਲੋਂ ਕੀਤੇ ਹਮਲਿਆਂ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਸੀ। ਇਨ੍ਹਾਂ ਵਿਚੋਂ ਕੁਝ ਦਾ ਨਿਸ਼ਾਨਾ ਰਾਜਧਾਨੀ ਤੇ ਨੇੜਲਾ ਖੇਤਰ ਸੀ। ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਬਾਇਡਨ ਸਰਕਾਰ ਨੇ ਪੈਟਰੀਅਟ ਮਿਜ਼ਾਈਲ ਬੈਟਰੀ ਯੂਕਰੇਨ ਭੇਜਣ ਦੀ ਰਸਮੀ ਪ੍ਰਵਾਨਗੀ ਦੇ ਦਿੱਤੀ ਹੈ। ਅਧਿਕਾਰੀਆਂ ਨੇ ਪਿਛਲੇ ਹਫਤੇ ਕਿਹਾ ਸੀ ਕਿ ਮਾਸਕੋ ਨੇ ਡਰੋਨਾਂ ਤੇ ਜ਼ਮੀਨ ਤੋਂ ਜ਼ਮੀਨ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਲਈ ਇਰਾਨ 'ਤੇ ਟੇਕ ਰੱਖੀ ਹੋਈ ਹੈ।


ਸਪੈਸ਼ਲ ਸੈਲ !
www.dream-carpets.com
dream
carpets
Shaw
FLOORS
Ansonylon
STAINMASTER
CARPET
ClearTouch
from
$1 98 SF
Berber
Installed
Textured Saxony
Installed
from
$2 28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




## ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

1638 ਸਾਨੂੰ ਮਾਰਕੇ ਇਹ ਨਾ ਸਮਝ ਲੈਣਾ, ਅੱਗ ਸਿੱਖੀ ਦੀ ਤੁਸਾਂ ਬੁਝਾ ਦਿੱਤੀ।
ਰਹੂ ਧੁਖਦੀ ਜੰਗਲਾਂ ਬੇਲਿਆਂ ਥੀਂ, ਚੰਗਾਰੀ ਹਰ ਪੱਤੇ ਨੂੰ ਲਾ ਦਿੱਤੀ।
ਰਾਜ ਜ਼ੁਲਮ ਦਾ ਸਾੜ ਕੇ ਰਾਖ ਕਰਨਾ, ਤੈਨੂੰ ਸੌ ਦੀ ਇਕ ਸੁਣਾ ਦਿੱਤੀ।
ਹਰਚੰਦ ਸਿੰਘਾ ਮੁੱਠੀ ਭਰ ਸਿੰਘਾਂ, ਚੇਤੇ ਨਾਨੀ ਹੈ ਥੋਨੂੰ ਕਰਵਾ ਦਿੱਤੀ॥

### ਜਲਾਦਾਂ ਦਾ ਜ਼ੁਲਮ ਅਜੈ ਸਿੰਘ ਸ਼ਹੀਦ ਕਰਨਾ

1639 ਅੱਗ ਲੱਗੀ ਕੋਤਵਾਲ ਨੂੰ ਮੱਚ ਉੱਠਾ, ਜਲਾਦ ਉਸਨੇ ਝੱਟ ਬੁਲਾਇਆ ਏ।
ਅਜੈ ਸਿੰਘ ਨੂੰ ਕੇਸਾਂ ਤੋਂ ਫੜ ਉਸਨੇ, ਬੰਦਾ ਸਿੰਘ ਦੇ ਪੱਟਾਂ ਤੇ ਢਾਇਆ ਏ।
ਖੰਜਰ ਫੇਰਕੇ ਫਾੜੀਆਂ ਜਿਸਮ ਕੀਤਾ, ਪਿਤਾ ਸਾਹਮਣੇ ਪੁੱਤ ਮੁਕਾਇਆ ਏ।
ਹਰਚੰਦ ਸਿੰਘਾ ਧੜਕਦਾ ਦਿਲ ਉਸਦਾ, ਕੱਢ ਪਿਤਾ ਦੇ ਮੂੰਹ ਵਿਚ ਪਾਇਆ ਏ॥

### ਕਵੀਓ ਵਾਚ

1640 ਅੱਖੀਂ ਵੇਖਿਆ ਪੁੱਤ ਸ਼ਹੀਦ ਹੁੰਦਾ, ਜਿਹਨੇ ਵੇਖਿਆ ਉਹੋ ਹੀ ਜਾਣਦਾ ਜੀ।
ਕੱਟੇ ਅੰਗ ਸੀ ਤੜਪਦੇ ਕੋਲ ਪਏ, ਔਖਾ ਨਿਕਲਣਾ ਜਿਸਮ 'ਚੋਂ ਜਾਨ ਦਾ ਜੀ।
ਹੱਥ ਕੰਬੇ ਨਾ ਭੋਰਾ ਵੀ ਜ਼ਾਲਮਾਂ ਦੇ, ਦਿਲ ਕੰਬਿਆ ਵੇਖ ਕੁਰਾਨ ਦਾ ਜੀ।
ਹਰਚੰਦ ਸਿੰਘਾ ਬੇੜਾ ਗਰਕ ਕੀਤਾ, ਇਨ੍ਹਾਂ ਮਜ੍ਹਬਾਂ ਦੇਖੋ ਇਨਸਾਨ ਦਾ ਜੀ॥

### ਬੰਦਾ ਸਿੰਘ ਬਹਾਦਰ ਨੂੰ ਤੜਫਾ ਕੇ ਸ਼ਹੀਦ ਕਰਨਾ

1641 ਸ਼ਹੀਦ ਅਜੈ ਸਿੰਘ ਨੂੰ ਕਰ ਜਲਾਦ ਦੋਵੇਂ, ਬੰਦਾ ਸਿੰਘ ਨੂੰ ਕਰਨ ਹਲਾਲ ਲੱਗੇ।
ਖੰਜਰ ਫੇਰਕੇ ਅੱਖਾਂ ਸੀ ਕੱਢ ਲਈਆਂ, ਹੱਥ ਕੱਟਣ ਵਿਚ ਰੰਬੀਆਂ ਨਾਲ ਲੱਗੇ।
ਹੌਲੀ ਹੌਲੀ ਉਨ੍ਹਾਂ ਦੇ ਪੈਰ ਕੱਟੇ, ਪੱਟਣ ਸਿਰ ਦੇ ਫਿਰ ਸੀ ਵਾਲ ਲੱਗੇ।
ਹਰਚੰਦ ਸਿੰਘਾ ਰੋਂਵਦੀ ਕਲਮ ਭੁੱਬੀਂ, ਕਰਨ ਜ਼ੁਲਮ ਦੀ ਪੈਦਾ ਮਸਾਲ ਲੱਗੇ॥

### ਕਵੀਓ ਵਾਚ

1642 ਲੈ ਕੇ ਰਾਵੀ ਤੋਂ ਜਮਨਾ ਪਾਰ ਤਾਈਂ, ਫੌਜਾਂ ਸਿੰਘਾਂ ਨੇ ਦੂਰ ਖਲਾਰੀਆਂ ਨੇ।
ਆਪਸ ਵਿਚ ਨਾ ਮੇਲ-ਮਿਲਾਪ ਰਿਹਾ, ਨਾ ਹੀ ਰੱਖੀਆਂ ਖਬਰਦਾਰੀਆਂ ਨੇ।
ਸ਼ਾਹੀ ਸੈਨਾ ਦੇ ਆ ਗਿਆ ਲੋਟ ਚਾਲਾ, ਥਾਂ ਥਾਂ ਤੇ ਮਾਰਾਂ ਮਾਰੀਆਂ ਨੇ।
ਹਰਚੰਦ ਸਿੰਘਾ ਫੁੱਟ ਦੀ ਫੇਟ ਲੱਗੀ, ਥਾਵਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ॥

### ਫੁੱਟ ਪੈਣ ਕਰਕੇ ਖਾਲਸਾ ਰਾਜ ਦਾ ਭੋਗ ਪੈਣਾ

1643 ਭੇਟਾ ਫੁੱਟ ਦੀ ਖਾਲਸਾ ਰਾਜ ਹੋਇਆ, ਸਿੱਕਾ, ਸੈਨਾ ਰਹੀ ਨਾ ਬਾਦਸ਼ਾਹੀ।
ਹਰ ਸਿੱਖ ਨੂੰ ਮੌਤ ਦਾ ਹੁਕਮ ਹੋਇਆ, ਮੁੜ ਪੈ ਗਈ ਗਲਾਂ ਦੇ ਵਿਚ ਫਾਹੀ।
ਮਾਲਕ ਜੋ ਜ਼ਮੀਨ ਤੇ ਰਾਜ ਦੇ ਸੀ, ਵੜੇ ਜੰਗਲੀਂ ਛੱਡ ਕੇ ਹਲ ਵਾਹੀ।
ਹਰਚੰਦ ਸਿੰਘਾ ਫਿਰਦੇ ਸਿੰਘ ਲੁਕਦੇ, ਜੰਗਲ ਬੇਲੇ, ਥਲਾਂ ਦੇ ਬਣੇ ਰਾਹੀ॥

### ਕਵੀਓ ਵਾਚ

1644 'ਕੱਠੇ ਹੋ ਕੇ ਸਰਹਿੰਦ ਨੂੰ ਪਏ ਜਿਵੇਂ, ਫਰੁਖ਼ਸ਼ੀਅਰ ਨੂੰ ਸਿੰਘ ਜੇ ਪੈ ਜਾਂਦੇ।
ਸਾਹਵੇਂ ਖੜ੍ਹਦੇ ਬੀੜ ਕੇ ਤੋਪ-ਖਾਨੇ, ਫੌਜਾਂ ਸਾਰੀਆਂ ਜੋੜ ਕੇ ਲੈ ਜਾਂਦੇ।
ਗੋਲੀ-ਸਿੱਕਾ ਕਰਕੇ ਰਸਦ ਕੱਠੀ, ਪਾ ਕੇ ਛੌਣੀਆਂ ਇਕ ਥਾਂ ਬਹਿ ਜਾਂਦੇ।
ਹਰਚੰਦ ਸਿੰਘ ਯਕੀਨ ਦੇ ਨਾਲ ਕਹਿੰਦਾ, ਸਦਾ ਵਾਸਤੇ ਮਗਰੋਂ ਲਹਿ ਜਾਂਦੇ॥

### ਕਵੀਓ ਵਾਚ

1645 ਤੇਰੇ ਸਿਦਕ ਦੀ ਸਿਫਤ ਨਾ ਕਰ ਹੋਏ, ਸ਼ਬਦ ਹੈ ਨਾ ਮੇਰੇ ਪਾਸ ਬਾਬਾ।
ਕਾਜ ਪੰਥ ਦੇ ਨੇਪਰੇ ਚਾੜ੍ਹ ਦਿੱਤੇ, ਕੀਤੀ ਗੁਰਾਂ ਦੀ ਪੂਰੀ ਆਸ ਬਾਬਾ।
ਸੀਸ ਲਾਹ ਕੇ ਜ਼ੁਲਮੀ-ਜ਼ਾਬਰਾਂ ਦੇ, ਮਾਰ ਮਾਰ ਕੇ ਕੀਤਾ ਨਾਸ਼ ਬਾਬਾ।
ਹਰਚੰਦ ਸਿੰਘਾ ਭਾਰਤ ਮਾਂ ਆਖੇ, ਲੱਖ ਵਾਰੀ ਤੈਨੂੰ ਸਾਬਾਸ਼ ਬਾਬਾ॥

1646 ਪੱਚੀ ਸਿੰਘਾਂ ਨਾਲ ਮੁਹਿੰਮ ਵਿੱਢੀ, ਮੱਥਾ ਬਾਦਸ਼ਾਹੀ ਨਾਲ ਲਾਇਆ ਜੀ।
ਅੱਠ ਸਾਲ ਤੇਗਾਂ ਦੀ ਛਾਂ ਹੇਠਾਂ, ਬੰਦਾ ਸਿੰਘ ਨੇ ਸਮਾਂ ਲੰਘਾਇਆ ਜੀ।
ਸਿੱਕਾ ਗੁਰਾਂ ਦੇ ਨਾਮ ਤੇ ਕਰ ਜਾਰੀ, ਬਣ ਬਾਦਸ਼ਾਹ ਰਾਜ ਚਲਾਇਆ ਜੀ।
ਆਈਆਂ ਔਕੜਾਂ ਬਹੁਤ ਹਰਚੰਦ ਸਿੰਘਾ, ਭੋਰਾ ਭਰ ਨਾ ਚਿੱਤ ਡੁਲਾਇਆ ਜੀ॥

1647 ਕਦਰ ਕਰੀ ਨਾ ਤੇਰੀ ਨਕਦਰਿਆਂ ਨੇ, ਇਸ ਗੱਲ ਦਾ ਦਾਸ ਨੂੰ ਦੁੱਖ ਬਾਬਾ।
ਮਾਫ਼ ਕਰੀਂ ਤੂੰ ਸਾਨੂੰ ਭੁੱਲੜਾਂ ਨੂੰ, ਬੇ-ਸੁਰੇ ਹਾਂ ਅਸੀਂ ਮਨੁੱਖ ਬਾਬਾ।
ਤੂੰ ਤੇ ਸਿੱਖੀ-ਸਿਦਕ ਨਿਭਾ ਦਿੱਤਾ, ਛਾਂ ਕੀਤੀ ਬਣ ਕੇ ਰੁੱਖ ਬਾਬਾ।
ਧੰਨ ਤੂੰ ਤੇ ਧੰਨ ਉਪਕਾਰ ਤੇਰੇ, ਜਾਇਆ ਜਿਸ ਨੇ ਧੰਨ ਉਹ ਕੁੱਖ ਬਾਬਾ॥

1648 ਦੇਸ਼ ਵਾਸੀਓ ਪੜ੍ਹ ਇਤਿਹਾਸ ਵੇਖੋ, ਥਾਂ ਥਾਂ 'ਤੇ ਗੱਲ ਕੁਰਬਾਨੀਆਂ ਦੀ।
ਦੇਸ਼-ਕੌਮ ਲਈ ਜੋ ਸ਼ਹੀਦ ਹੋਏ, ਲੰਬੀ ਲਿਸਟ ਅਜ਼ਾਦੀ ਦੇ ਬਾਨੀਆਂ ਦੀ।
ਆਏ ਉੜਕੇ ਵਾਂਗ ਪਰਵਾਨਿਆਂ ਦੇ, ਅਹੂਤੀ ਦੇ ਗਏ ਉਹ ਜਵਾਨੀਆਂ ਦੀ।
ਹਰਚੰਦ ਸਿੰਘਾ ਕਵਿਤਾ ਵਿਚ ਲਿਖੀ, ਗਾਥਾ ਖੋਲ੍ਹ ਕੇ ਯੋਧੇ ਲਾਸਾਨੀਆਂ ਦੀ॥

1649 ਅੱਗੇ ਅਸੀਂ ਹੈ ਹੁਣ ਬਿਆਨ ਕਰਨਾ, ਕਿਵੇਂ ਸਿੰਘਾਂ ਨੇ ਸਦੀ ਬਤੀਤ ਕੀਤੀ।
ਮੂੰਹ ਮੋੜਿਆਂ ਨਹੀਂ ਕੁਰਬਾਨੀਆਂ ਤੋਂ, ਮੋਈ ਅਣਖ ਸੀ ਮੁੜ ਸੁਰਜੀਤ ਕੀਤੀ।
ਬਣਵਾਸ ਤੇ ਮਾਰੂਥਲੀਂ ਰਹਿ ਕੇ, ਦੁੱਖਾਂ ਭੁੱਖਾਂ ਦੇ ਸੰਗ ਪ੍ਰੀਤ ਕੀਤੀ।
ਹਰਚੰਦ ਸਿੰਘਾ ਸਮਾਂ ਤੇ ਲੱਗ ਗਿਆ, ਨਿਸ਼ਚਾ ਕਰ ਕੇ ਆਪਣੀ ਜੀਤ ਕੀਤੀ॥

## ਭਾਗ ਤੀਜਾ (1716-1799 ਈ:)

### ਆਜ਼ਾਦੀ ਦਾ ਸੰਘਰਸ਼ ਜਾਰੀ ਰਿਹਾ

1650 ਚਾਲ ਕਰਕੇ ਤੁਰਕਾਂ ਖਾਲਸੇ ਨੂੰ, ਫੁੱਟ ਪਾ ਕੇ ਅੰਤ ਹਰਾਇਆ ਏ।
ਜ਼ਬਰ ਜ਼ੁਲਮ ਜਿੰਨਾਂ ਵੀ ਹੋ ਸਕੇ, ਉਹ ਉਨ੍ਹਾਂ ਨੇ ਕਰ ਵਿਖਾਇਆ ਏ।
ਨਸਲਕੁਸੀ ਸਿੰਘਾਂ ਦੀ ਕਰਨ ਲਈ, ਉਨ੍ਹਾਂ ਆਪਣਾ ਮਨ ਬਣਾਇਆ ਏ।
ਥਾਂ ਥਾਂ ਤੇ ਸਮੇਂ ਦੇ ਹਾਕਮਾਂ ਨੇ, ਹਰਚੰਦ ਸਿੰਘਾ ਜਾਲ ਲਗਾਇਆ ਏ॥

### ਹੁਕਮ ਦੇ ਕੇ ਹਿੰਦੂਆਂ ਨੂੰ ਅੱਡ ਕੀਤਾ

1651 ਹਰ ਥਾਂ ਸਰਕਾਰ ਨੇ ਹੁਕਮ ਕੀਤਾ, ਹਿੰਦੂ ਲੋਕ ਜੋ ਮੁੰਡ ਕਰਾਉਣ ਸਾਰੇ।
ਦਾੜ੍ਹੀ-ਮੁੱਛਾਂ ਕਟਾ ਕੇ ਸਾਫ ਕਰੋ, ਸਿਰ ਮੁੰਨ ਕੇ ਬੋਦੇ ਰਖਾਉਣ ਸਾਰੇ।
ਜਿਸ ਹੁਕਮ ਦੀ ਕੀਤੀ ਪਾਲਣਾ ਨਾ, ਉਹੋ ਆਪਣਾ ਸੀਸ ਕਟਾਉਣ ਸਾਰੇ।
ਹਰਚੰਦ ਸਿੰਘਾ ਮਨਾਹੀ ਘੋੜਿਆਂ ਤੋਂ, ਖੋਤੇ ਬੈਠਕੇ ਪੰਧ ਮੁਕਾਉਣ ਸਾਰੇ॥

1652 ਉਹ ਤੇ ਹੋ ਸੁਖਾਲੇ ਫਿਰਨ ਲੱਗੇ, ਦਾੜ੍ਹੀ-ਕੇਸ ਜਿਨ੍ਹਾਂ ਨੇ ਵੱਢ ਦਿੱਤੇ।
ਜਿਨ੍ਹਾਂ ਸਿੱਖੀ ਸਰੂਪ ਨਾ ਜਾਣ ਦਿੱਤਾ, ਵਰੰਟ ਉਨ੍ਹਾਂ ਦੇ ਤੁਰਕਾਂ ਕੱਢ ਦਿੱਤੇ।
ਪਿੰਡ ਪਿੰਡ ਸੂਚੀਆਂ ਬਣ ਗਈਆਂ, ਘਰ ਘਾਟ ਉਨ੍ਹਾਂ ਨੇ ਛੱਡ ਦਿੱਤੇ।
ਹਰਚੰਦ ਸਿੰਘਾ ਉਨ੍ਹਾਂ ਦੇ ਘਰਦਿਆਂ ਦੇ, ਕੁੱਟ ਕੁੱਟ ਕੇ ਤੋੜ ਸੀ ਹੱਡ ਦਿੱਤੇ॥

1653 ਕੁੱਝ ਬੀਕਾਨੇਰ ਨੂੰ ਤੁਰ ਗਏ, ਝੱਲਾਂ-ਜੰਗਲਾਂ ਕੁੱਝ ਨਿਵਾਸ ਕੀਤਾ।
ਕੁੱਝ ਚੜ੍ਹ ਪਹਾੜਾਂ ਦੇ ਵਿਚ ਬੈਠੇ, ਘਰ-ਬਾਰ ਦਾ ਸੱਤਿਆਨਾਸ ਕੀਤਾ॥
ਮੁਖਵਰਾਂ ਦੱਸ ਕੇ ਹੱਥ ਰੰਗੇ, ਔਖਾ ਸਿੰਘਾਂ ਦਾ ਲੈਣਾ ਸਾਸ ਕੀਤਾ।
ਹਰਚੰਦ ਸਿੰਘਾ ਦੱਸਣ ਦੇ ਦਸ ਦੇਂਦੇ, ਸੀਸ ਲਿਆਉਣ ਦਾ ਮੁੱਲ ਪਚਾਸ ਕੀਤਾ॥

### ਦਲੇਰ ਜੰਗ ਅਤੇ ਉਸਦੇ ਪੁੱਤਰ ਜ਼ਕਰੀਆ ਖਾਂ ਨੇ ਲੰਬਾ ਸਮਾਂ ਲਹੌਰ ਤੇ ਰਾਜ ਅਤੇ ਜ਼ੁਲਮ ਕੀਤਾ

1654 ਦਸ ਸਾਲ ਸੀ ਰਿਹਾ ਦਲੇਰ ਜੰਗ, ਉਸ ਰੱਜ ਕੇ ਜ਼ੁਲਮ ਕਮਾਇਆ ਏ।
ਫਿਰ ਪੁੱਤ ਸੀ ਜ਼ਕਰੀਆ ਖਾਨ ਆਇਆ, ਸੂਬੇਦਾਰ ਲਾਹੌਰ ਬਣਾਇਆ ਏ।
ਉਸ ਆਣ ਕੇ ਹੋਰ ਵੀ ਅੱਤ ਚੁੱਕੀ, ਖ਼ੂਨ ਸਿੱਖਾਂ ਦਾ ਬੜਾ ਬਹਾਇਆ ਏ।
ਪਰ ਸਿੰਘ ਵੀ ਬਹੇ ਨਾ ਢਾਹ ਢੇਰੀ, ਜ਼ਾਲਮ ਜ਼ਕਰੀਆ ਸੋਚੀਂ ਪਾਇਆ ਏ॥

### ਉਸ ਸਮੇਂ ਦਰਬਾਰਾ ਸਿੰਘ, ਬੁੱਢਾ ਸਿੰਘ, ਕਪੂਰ ਸਿੰਘ, ਜੱਸਾ ਸਿੰਘ, ਬਰਾਜ ਸਿੰਘ, ਕਰਮ ਸਿੰਘ, ਭੋਮਾ ਸਿੰਘ ਤੇ ਗਰਜਾ ਸਿੰਘ ਮੋਹਰੀ ਸਰਦਾਰ ਸਨ

1655 ਦੁੱਖ ਜਿੰਨੇ ਜ਼ਿਆਦਾ ਤੁਰਕ ਦੇਂਦੇ, ਸਿੱਖੀ ਓਨੀ ਹੀ ਵੱਧ ਬਲਵਾਨ ਹੋਏ।
ਮਾਰੂਥਲਾਂ, ਝੱਲਾਂ, ਪਹਾੜੀਆਂ ਤੇ, ਪੁੱਤ ਜੰਮ ਕੇ ਭਰ ਜਵਾਨ ਹੋਏ।
ਸਰਦਾਰ ਸਮੇਂ ਦੇ ਦਲਾਂ ਨੂੰ ਕਰਨ ਕੱਠੇ, ਥਾਂ ਥਾਂ ਤੇ ਨਿੱਤ ਘਮਸਾਨ ਹੋਏ।
ਉਜਾੜ ਦਿੱਤੇ ਕਿਰਤਾਂ ਕਰਨ ਵਾਲੇ, ਹਰਚੰਦ ਸਿੰਘਾ ਨਾ ਪੂਰਾ ਲਗਾਨ ਹੋਏ॥

**(ਬਾਕੀ ਅਗਲ ਅੰਕ ਵਿਚ)**

49 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri
604-377-4085



Amarjit Singh
778-908-0523



Arya Bhalla
778-788-2429



Hardam S. Maan
604-308-6663



Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬਹੁਤ ਅਮੀਰ ਹੁੰਦੇ ਹਨ ਜ਼ਿੰਦਾਦਿਲ ਮਨੁੱਖ



ਹਰ ਸਾਲ ਜਦੋਂ ਠੰਢ ਵੱਧਦੀ ਹੈ ਤੇ ਰਾਤਾਂ ਦਾ ਹਨ੍ਹੇਰਾ ਦੇਖਣ ਨੂੰ ਮਿਲਦਾ ਹੈ ਤਾਂ ਮੈਨੂੰ ਬਚਪਨ ਵਿਚ ਸੁਣੀ ਇਕ ਗੱਲ ਬਹੁਤ ਯਾਦ ਆਉਂਦੀ ਹੈ। 'ਸੁੰਗੜੇ' ਘਰਾਂ ਵਿਚ ਚਾਨਣ, ਫਿਰ ਵੀ ਕੀਤਾ ਜਾ ਸਕਦਾ ਹੈ ਪਰ ਸੁੰਗੜੀਆਂ ਤਬੀਅਤਾਂ ਦੇ ਹਨੇਰੇ ਦਾ ਕੋਈ ਹੱਲ ਨਹੀਂ। ਸਹਿਜ ਸੁਭਾਅ ਹੀ, ਪਤਾ ਨਹੀਂ ਕਿਸ ਨੇ, ਕਿਸ ਨੂੰ ਇਹ ਗੱਲ ਕਹੀ, ਪਰ ਮਨ ਵਿਚ ਘਰ ਕਰ ਗਈ। ਕੁਝ ਗੱਲਾਂ ਦੀ ਤਹਿ ਚਿਰਾਂ ਮਗਰੋਂ ਖੁੱਲ੍ਹਦੀ ਹੈ। 'ਸੁੰਗੜੀ ਤਬੀਅਤ' ਵੀ ਬਚਪਨ ਦੀ ਹੱਦ ਉਲੰਘ ਕੇ, ਸਮਝ ਆਈ। ਦਰਅਸਲ, ਇਸ ਸਫ਼ਰ ਵਿਚ ਪੈਰ-ਪੈਰ ਸਬਕ ਤਿਆਰ ਮਿਲਦੇ ਹਨ। ਕਿਤੇ ਲੋੜੋਂ ਵੱਧ। ਉਨ੍ਹਾਂ ਖ਼ਾਤਰ ਸ਼ਾਇਦ ਕੋਈ ਸਬਕ ਨਹੀਂ ਬਣਿਆ, ਜਿਨ੍ਹਾਂ ਨੇ ਜ਼ਿਹਨ ਨੂੰ ਵੱਜੇ ਜਿੰਦਰੇ ਕਦੇ ਖੋਲ੍ਹਣੇ ਹੀ ਨਹੀਂ। ਉਹ ਲੋਕ ਆਪਣੀ ਪੱਕ-ਪਕਾਈ, ਇਸੇ ਭਰਮ 'ਚ ਰਹਿੰਦੇ ਹਨ ਕਿ ਜੋ ਅਸੀਂ ਸੋਚ ਲਿਆ, ਉਸ ਤੋਂ ਉਤਾਂਹ ਦੁਨੀਆ 'ਤੇ ਕੋਈ ਸੋਚ ਬਣੀ ਹੀ ਨਹੀਂ ਤੇ ਜੋ ਅਸੀਂ ਸਿੱਖੀ ਬੈਠੇ ਹਾਂ, ਉਸ ਤੋਂ ਵੱਧ ਸਿੱਖਿਆ ਤਾਂ ਕਿਸੇ ਗਿਆਨ-ਕੋਸ਼ ਕੋਲ ਨਹੀਂ। ਇਥੇ ਚਾਨਣ ਨੇ ਕੀ ਦਖ਼ਲ ਦੇ ਲੈਣਾ ਹੋਇਆ, ਭਲਾ? ਇਥੇ ਤਾਂ ਹਨੇਰਿਆਂ ਦਾ ਰਾਜ ਹੈ। ਇਕ ਪੇਂਡੂ ਬੰਦੇ ਨੇ ਬੜੇ ਭੋਲੇ-ਭਾਅ ਆਪਣੇ ਪਰਿਵਾਰ ਦਾ ਤੁਆਰਫ਼ ਕਰਵਾਇਆ। ਕਹਿਣ ਲੱਗਾ, 'ਜੀ ਇਹ ਮੇਰੀ ਪਤਨੀ ਹੈ। ਇਹ ਪਿਛਲੇ ਚਾਲੀ ਸਾਲਾਂ ਤੋਂ ਮੈਨੂੰ ਚਾਲੀ ਵਾਰ ਢਾਹ ਕੇ ਨਵੇਂ ਸਿਰੇ ਤੋਂ ਘੜ ਚੁੱਕੀ ਹੈ। ਸੋ, ਅੱਜ ਮੈਂ ਇਸੇ ਦਾ ਬ੍ਰਾਂਚ ਆਫ਼ਸ ਹਾਂ ਸਮਝੋ। ਮੇਰਾ ਵੱਡਾ ਲੜਕਾ ਦੋ ਕੁ ਗੱਲਾਂ 'ਤੇ ਹੀ ਸਲਾਹ ਮਾਰਦਾ ਹੈ ਸਾਡੇ ਨਾਲ। ਬਾਕੀ ਉਹਦੇ ਮਨ ਦੀ ਮੌਜ ਹੈ ਤੇ ਛੋਟਾ ਗੰਗਾ ਗਿਆ ਤਾਂ ਗੰਗਾ ਰਾਮ, ਯਮੁਨਾ ਗਿਆ ਤਾਂ ਯਮੁਨਾ ਦਾਸ। ਛੋਟੇ ਦੀ ਬੜੀ ਬਣੀ-ਬਣਾਈ ਹੈ। ਇਹ ਹੁੰਦੀਆਂ ਨੇ ਤਰਲ ਤਬੀਅਤਾਂ। ਇਨ੍ਹਾਂ ਦਾ ਫਾਇਦਾ ਭਾਵੇਂ ਘੱਟ ਹੋਵੇ ਪਰ ਨੁਕਸਾਨ ਉੱਕਾ ਹੀ ਨਹੀਂ ਹੁੰਦਾ। ਤਬੀਅਤ ਵਿਚ ਸਥਿਰਤਾ ਚਾਹੀਦੀ ਹੈ, ਅੜਬਪੁਣਾ ਨਹੀਂ। ਹਾਲਤਾਂ ਦੀ ਇਕ ਆਦਤ ਹੈ, ਇਹ ਇਨਸਾਨ ਨੂੰ ਹਰ ਗਲੀ ਵਿਚੋਂ ਲੰਘਾਉਂਦੇ ਹਨ। ਇਹ ਸੋਚ ਲੈਣਾ ਕਿ ਫਲਾਂ ਚੀਜ਼ ਤਾਂ ਲੋਕਾਂ ਨਾਲ ਹੁੰਦੀ ਹੈ, ਸਾਡੇ ਨਾਲ ਹੋਣੋਂ ਰਹੀ, ਉੱਕਾ ਹੀ ਕੂੜ ਮੱਤ ਹੈ। ਕਿਤੇ ਜੰਮੋਂ, ਕਿਹੋ ਜਿਹੀ ਸ਼ਾਹੀ ਜ਼ਿੰਦਗੀ ਮਾਣੋਂ, ਕਿੰਨਾ ਮਰਜ਼ੀ ਰਾਜ ਭਾਗ ਵੇਖੋ, ਕਿਸਮਤ ਦੇ ਉੱਤੇ ਭਾਰੀ ਨਹੀਂ ਪੈ ਸਕਦੇ। ਇਹ ਆਪਣੀ ਮਰਜ਼ੀ ਦੀ ਮਾਲਕ ਹੈ। ਇਹ ਕਈ ਰੰਗ ਆਪਣੀ ਮਰਜ਼ੀ ਨਾਲ ਤੁਹਾਡੇ ਕੈਨਵਸ 'ਤੇ ਪੋਤ ਸਕਦੀ ਹੈ। ਨਾ ਵਕਤ ਦਾ ਲਿਹਾਜ਼, ਨਾ ਵਤੀਰੇ 'ਚ ਕੋਈ ਰਿਐਤ। ਕੁਝ ਦਰਬਾਰ ਅਜਿਹੇ ਹਨ, ਜਿਥੇ ਸਿਫ਼ਾਰਸ਼ ਨਾਂਅ ਦਾ ਲਫ਼ਜ਼ ਵੀ ਦਰਜ ਨਹੀਂ। ਜ਼ਿੰਦਗੀ ਦਾ ਇਕ ਰੂਪ ਇਹੋ ਜਿਹਾ ਵੀ ਵੇਖਣ ਨੂੰ ਮਿਲਦਾ ਹੈ, ਜਿਸ ਦੀ ਨਜ਼ਰ ਪੂਰੀ ਤਰ੍ਹਾਂ ਨਿਆਇਕ ਹੁੰਦੀ ਹੈ। ਸੋ ਮਿੱਤਰੋ, ਸੁਵੱਖਤੇ ਅੱਖ ਖੁੱਲ੍ਹੇ ਤਾਂ ਚੰਗਾ ਹੀ ਹੈ। ਵਹਿਮਾਂ-ਭਰਮਾਂ ਦੇ ਭੁਲੇਖੇ ਜਿੰਨੀ ਛੇਤੀ ਟੁੱਟਣ, ਓਨਾ ਹੀ ਫਾਇਦਾ ਹੈ। ਅਮੀਰੀ ਦੇ ਕਈ ਰੂਪ ਹੁੰਦੇ ਹਨ, ਵੈਸੇ ਤਾਂ। ਚੰਗੀ ਸਿਹਤ ਜ਼ਿੰਦਾਦਿਲੀ, ਮਾਨਸਿਕ ਮਨੋਬਲ ਤੇ ਸੋਚ ਦਾ ਪੱਧਰ। ਜ਼ਿੰਦਾਦਿਲ ਸਭ ਤੋਂ ਵੱਧ ਧਨਾਢ ਮਨੁੱਖ ਹੁੰਦੇ ਹਨ, ਫਿਰ ਵੀ। ਜਿਸ ਇਨਸਾਨ ਨੇ ਹਾਲਾਤ ਤੋਂ ਉੱਪਰ ਉੱਠ ਕੇ ਜਿਊਣਾ ਸਿੱਖ ਲਿਆ, ਜਿਸ ਨੇ ਇਮਤਿਹਾਨਾਂ ਨੂੰ ਇਜਾਜ਼ਤ ਹੀ ਨਾ ਦਿੱਤੀ, ਨਤੀਜੇ 'ਚ ਫੇਲ੍ਹ ਕਰਨ ਦੀ, ਜਿਸ ਨੇ ਇਹ ਰਾਜ਼ ਬੁਝ ਲਿਆ ਕਿ ਢੇਰੀ ਢਾਇਆਂ ਵੀ ਮੁਸੀਬਤ ਨੇ ਰਾਹ ਬਦਲ ਕੇ ਉਹਦਾ ਘਰ ਛੱਡ ਨਹੀਂ ਦੇਣਾ, ਉਹ ਇਨਸਾਨ ਕਾਮਯਾਬ ਹੈ। ਕਿਉਂਕਿ ਉਹਦੇ ਕੋਲ ਉਹ ਜਮ੍ਹਾਂ-ਪੂੰਜੀ ਹੈ, ਜਿਹੜੀ ਹਰ ਬਾਜ਼ਾਰ 'ਚ ਚੱਲ ਜਾਣੀ ਹੈ। ਇਹ ਮੁਦਰਾ ਕਦੇ ਵੀ ਨੋਟਬੰਦੀ ਦਾ ਸ਼ਿਕਾਰ ਨਹੀਂ ਹੋ ਸਕਦੀ। ਕੁਝ ਕੁ ਤੰਦਾਂ ਹੁੰਦੀਆਂ ਹਨ, ਜਿਹੜੀਆਂ ਹਰ ਵਰਗ ਨੂੰ ਸਾਂਝੀਆਂ ਹੁੰਦੀਆਂ ਹਨ। ਚੰਗੀ ਸਿਹਤ ਦੀ ਹਰ ਸ਼ਖ਼ਸ ਨੂੰ ਲੋੜ ਹੈ ਤੇ ਮਨ ਦਾ ਚੈਨ ਸਭ ਤੋਂ ਕੀਮਤੀ ਦਾਤ ਹੈ, ਹਰ ਖੂੰਜੇ-ਖਲ ਦਾ ਸੱਚ ਹੈ। ਤਾਹੀਓਂ ਇਸ ਯੁੱਗ ਵਿਚ ਅਧਿਆਤਮਿਕ ਰੁਚੀ ਨੇ ਕਈ ਰੂਪ ਧਾਰ ਲਏ ਹਨ। ਕੁਝ ਜਾਇਜ਼ ਤੇ ਬਹੁਤ ਸਾਰੇ ਬੇਵਜ੍ਹਾ। ਪਰ ਜਾਇਜ਼ ਰੂਪਾਂ ਦੇ ਵਿਚ ਮੁੱਖ ਮਾਨਸਿਕ ਸੰਤੁਲਨ ਨੂੰ ਹਰ ਹਾਲ ਬਣਾਈ ਰੱਖਣ ਦਾ ਯਤਨ ਹੈ। ਉਸ ਖ਼ਾਤਰ ਭਾਵੇਂ ਪਰਮ-ਸ਼ਕਤੀ ਦੀ ਰਜ਼ਾ ਨੂੰ ਸਮਰਪਿਤ ਰਹਿਣ ਦਾ ਗੁਰ ਹਾਸਲ ਕਰ ਲਓ ਤੇ ਭਾਵੇਂ ਜ਼ਿੰਦਗੀ ਦੇ ਤਲਖ਼ ਤਜਰਬੇ ਦੀ ਅਨੁਸੂਚੀ ਦਾ ਹਿੱਸਾ ਸਮਝ ਲਓ। ਸੌਖੀ ਜਿਹੀ ਅਖੌਤ ਹੈ 'ਮਨ ਜਿੱਤੇ ਜਗ ਜੀਤ'। ਸਮਝਦਿਆਂ ਉਮਰ ਬੀਤ ਜਾਂਦੀ ਹੈ। ਸਪੱਸ਼ਟ ਗੱਲ ਹੈ ਕਿ ਕਿਸੇ ਮਸਲੇ ਦਾ ਹੱਲ ਕਿਤੇ ਹੋਰ ਪਾਸਿਉਂ ਤੁਰ ਕੇ ਨਹੀਂ ਆਉਣਾ। ਜੇ ਫ਼ਰਜ਼ ਕਰੋ ਕਿਸੇ ਨੇ ਨੇਕ ਸਲਾਹ ਦੇ ਵੀ ਦਿੱਤੀ ਤਾਂ ਵੀ ਜੇਕਰ ਮਨ ਦਾ ਸਮਝ-ਬੂਝ ਵਾਲਾ ਖਾਨਾ ਛੋਟਾ ਹੈ, ਕੋਈ ਫਾਇਦਾ ਹੋਣ ਨਹੀਂ ਲੱਗਾ। ਬੰਦਾ ਆਪਣੇ-ਆਪ ਵਿਚ ਸੰਪੂਰਨ ਮਹਿਫ਼ਲ ਹੈ, ਪੂਰੀ ਸਨਅਤ ਹੈ। ਜਿਥੇ ਮਨ ਕਮਜ਼ੋਰ ਹੋਵੇ, ਉਥੇ ਜ਼ਿੰਦਗੀ ਵਿਚ ਕਿਸੇ ਕਿਸਮ ਦਾ ਇਜ਼ਾਫ਼ਾ ਕੀਤਾ ਨਹੀਂ ਜਾ ਸਕਦਾ। ਉਹ ਸ਼ਖ਼ਸ ਆਪਣੀ ਮਜਬੂਰੀ ਦੀ ਕੈਦ ਦੀ ਗ੍ਰਿਫ਼ਤ ਵਿਚ ਹੀ ਸਾਰੀ ਜ਼ਿੰਦਗੀ ਕੱਢ ਦਿੰਦੇ ਹਨ। ਸਿਆਣਪ ਉਲਝਣਾਂ ਘਟਾਉਣ ਵਿਚ ਹੀ ਹੈ। ਹੱਸਣ 'ਤੇ, ਬੇਫ਼ਿਕਰੀ 'ਤੇ, ਨਰਮਦਿਲੀ 'ਤੇ ਕਿਹੜਾ ਕੋਈ ਸਰਕਾਰੀ ਟੈਕਸ ਲੱਗਾ ਹੈ ਕਿ ਅਸੀਂ ਇਹ ਤੱਤ ਜ਼ਿੰਦਗੀ 'ਚ ਸ਼ਾਮਿਲ ਕਰਨ ਤੋਂ ਵੀ ਡਰਦੇ ਹਾਂ? ਭਾਵੇਂ ਵਕਤ ਨੇ ਕਿੰਨੇ ਹੀ ਤਕਲੀਫ਼ਦੇਹ ਮਹਿਮਾਨਾਂ ਦੀ ਭਰਮਾਰ ਲਗਾ ਦਿੱਤੀ ਹੋਵੇ, ਥੋੜ੍ਹਾ ਜਿਹਾ ਸੱਦਾ ਬੇਫ਼ਿਕਰੀ ਨੂੰ ਵੀ ਦੇ ਛੱਡਿਆ ਕਰੋ। ਤੁਸੀਂ ਪੁੱਛੋਗੇ ਮਹਿਮਾਨ ਕਿਹੜੇ? ਮਹਿਮਾਨ ਹੀ ਹੁੰਦੇ ਹਨ ਕਾਲੇ ਦਿਨ, ਕੌੜੇ ਦਿਨ, ਦਹਿਸ਼ਤ ਭਰੇ ਦਿਨ। ਕਿੰਨਾ ਚਿਰ ਟਿਕ ਸਕਦੇ ਹਨ? ਮਿਆਦ ਪਾ ਇਨ੍ਹਾਂ ਨੂੰ ਰੁਖ਼ਸਤ ਹੋਣਾ ਹੀ ਪੈਂਦਾ ਹੈ। ਹਰ ਮਹਿਮਾਨ ਦੀ ਖ਼ਾਤਰ ਤਵੱਜੋ ਕਰਨੀ ਤਾਂ ਪੈ ਹੀ ਜਾਂਦੀ ਹੈ, ਬਸ ਏਨਾ ਖਿਆਲ ਰੱਖੋ ਕਿ ਏਨਾ ਕੁਝ ਨਾ ਰੁੜ ਜਾਵੇ ਕਿ ਬਾਕੀ ਦੀ ਜ਼ਿੰਦਗੀ ਵੀ ਕਿਸੇ ਕੰਮ ਦੀ ਨਾ ਰਹੇ। ਕਿਉਂਕਿ ਵਕਤ ਬਦਲਣਾ ਹੈ, ਖ਼ੁਸ਼ੀ ਨੇ ਵੀ ਆਉਣਾ ਹੈ। ਉਸ ਦੀ ਖ਼ਾਤਰ ਤਵੱਜੋ ਨੂੰ ਕੋਈ ਹੌਸਲਾ ਹੀ ਨਾ ਰਹੇ, ਤਾਂ ਕੀ ਖੱਟਿਆ? ਤਬੀਅਤ ਵਿਚ ਖਿੜੇ ਰਹਿਣ ਦੀ ਸਮਰੱਥਾ ਹੋਵੇ ਤੇ ਮਨ ਨੂੰ ਹੌਸਲੇ ਦੀ ਆਦਤ ਹੋਵੇ ਤਾਂ ਮਾੜਾ ਵਕਤ ਕੁਝ ਖੋਹ ਲਿਜਾਣ ਜੋਗਾ ਨਹੀਂ। ਜਿਸ ਕਿਸੇ ਨੇ ਅਲਾਂਭਿਆਂ-ਗਿਲਿਆਂ ਦੀ ਪੰਡ ਸਿਰੋਂ ਲਾਹੀ ਹੀ ਨਾ, ਉਸ ਨੇ ਆਪਣੀ ਸਜ਼ਾ ਆਪ ਹੀ ਮਿੱਥ ਲਈ। ਉਸ ਨੇ ਆਪਣੇ ਮਨ ਨੂੰ ਖੁਸ਼ ਰਹਿਣ ਦੀ ਇਜਾਜ਼ਤ ਹੀ ਨਹੀਂ ਦਿੱਤੀ ਤੇ ਮਨ ਜੇ ਖੁਸ਼ ਨਹੀਂ, ਫਿਰ ਜ਼ਿੰਦਗੀ ਦਾ ਕੀ ਸਵਾਦ ਰਹਿ ਗਿਆ। ਗੱਲ ਕਿਸੇ ਦੇ ਵਤੀਰੇ ਦੀ ਨਹੀਂ, ਗੱਲ ਤੁਹਾਡੀ ਆਦਤ ਦੀ ਹੈ।

—ਬੱਬੂ ਤੀਰ

# ਅਸਲੀਅਤ 'ਚ ਰਹਿਣਾ ਸਿੱਖੋ

ਇਕ ਸਮਾਂ ਸੀ ਜਦੋਂ ਆਪਸੀ ਪ੍ਰੇਮ-ਪਿਆਰ, ਵਿਸ਼ਵਾਸ ਤੇ ਆਪਣਾਪਨ ਚਰਮ ਸੀਮਾ 'ਤੇ ਹੁੰਦਾ ਸੀ। ਲੋਕ ਰਿਸ਼ਤਿਆਂ ਦਾ ਨਿੱਘ ਮਾਣਦੇ ਹੋਏ ਆਪਣੇ ਦੁਖ-ਸੁਖ ਦੀ ਸਾਂਝ ਬਣਾਈ ਰੱਖਦੇ ਸਨ। ਸਾਰੇ ਰਿਸ਼ਤੇਦਾਰ ਤੇ ਸੱਜਣ-ਮਿੱਤਰ ਬਿਨਾਂ ਕਿਸੇ ਭੇਦ-ਭਾਵ ਤੋਂ ਇਕ ਦੂਜੇ ਦੀਆਂ ਖ਼ੁਸ਼ੀਆਂ ਵਿਚ ਸ਼ਰੀਕ ਹੁੰਦੇ ਜਿਸ ਨਾਲ ਛੋਟੀ ਜਿਹੀ ਖ਼ੁਸ਼ੀ ਵੀ ਵੱਡਾ ਰੂਪ ਧਾਰਨ ਕਰ ਜਾਂਦੀ। ਹੌਲੀ-ਹੌਲੀ ਬਦਲਦੇ ਹਾਲਾਤ ਦੇ ਸਿੱਟੇ ਵਜੋਂ ਪਦਾਰਥਵਾਦੀ ਚੀਜ਼ਾਂ ਪ੍ਰਤੀ ਮੋਹ-ਮਾਇਆ ਵਧਣ ਕਾਰਨ ਇਨਸਾਨ ਵਿਚ ਇਨ੍ਹਾਂ ਨੂੰ ਇਕੱਠਾ ਕਰਨ ਦੀ ਦੌੜ ਵਧ ਗਈ। ਇਨਸਾਨੀਅਤ ਦੇ ਗੁਣਾਂ ਨਾਲ ਲਬਰੇਜ਼, ਪਰ ਪਦਾਰਥਵਾਦੀ ਵਸਤਾਂ ਦੀ ਕਮੀ ਵਾਲਿਆਂ ਨੂੰ ਦੂਸਰਿਆਂ ਨੇ ਘਟੀਆ ਪੱਧਰ ਦਾ ਸਮਝਣਾ ਸ਼ੁਰੂ ਕਰ ਦਿੱਤਾ। ਚਮਕ-ਦਮਕ ਤੇ ਵਿਖਾਵੇ ਵਾਲੀ ਬਿਰਤੀ ਕਾਰਨ ਹਰ ਵਿਅਕਤੀ ਆਪਣੇ-ਆਪ ਨੂੰ ਦੂਸਰਿਆਂ ਨਾਲੋਂ ਵਧੀਆ ਵਿਖਾਉਣ ਦੀ ਦੌੜ ਵਿਚ ਸ਼ਾਮਲ ਹੋ ਗਿਆ, ਫਲਸਰੂਪ ਬਨਾਵਟੀਪਨ ਨੇ ਪਸਾਰਾ ਵਧਾ ਲਿਆ। ਬਨਾਵਟੀਪਨ ਦੀ ਇਸ ਜੀਵਨ- ਸ਼ੈਲੀ ਨੇ ਵਿਅਕਤੀ ਦੀਆਂ ਬਾਹਰੀ ਅਤੇ ਅੰਦਰੂਨੀ ਦੋਵਾਂ ਹੀ ਸ਼ਖ਼ਸੀਅਤਾਂ ਨੂੰ ਤਹਿਸ-ਨਹਿਸ ਕਰ ਦਿੱਤਾ। ਵਿਅਕਤੀ ਆਪਣੇ ਅਸਲੀ ਮਕਸਦ ਤੋਂ ਭਟਕ ਗਿਆ ਹੈ ਜਿਸ ਕਾਰਨ ਉਸ ਦਾ ਸਕੂਨ ਵਾਲਾ ਜੀਵਨ ਨਸ਼ਟ ਹੋਣ ਦੇ ਕੰਢੇ ਪਹੁੰਚ ਗਿਆ ਹੈ। ਅਸੀਂ ਆਪਣੇ ਜੀਵਨ ਵਿਚ ਅਸਲੀ ਚੀਜ਼ਾਂ ਦੀ ਬਜਾਏ ਨਕਲੀ ਅਤੇ ਝੂਠੀਆਂ ਚੀਜ਼ਾਂ ਹਾਸਲ ਕਰਨ ਵਿਚ ਹੀ ਲੱਗੇ ਹੋਏ ਹਾਂ। ਹੁਣ ਸਾਡਾ ਧਿਆਨ ਕਦੇ ਵੀ ਅਸਲੀ ਚੀਜ਼ਾਂ ਵੱਲ ਨਹੀਂ ਜਾਂਦਾ ਜਿਸ ਕਰਨ ਵਿਅਕਤੀ ਦੇ ਮੱਥੇ 'ਤੇ ਚਿੰਤਾ, ਨਫ਼ਰਤ ਤੇ ਨਿਰਾਸ਼ਾ ਦੀਆਂ ਲਕੀਰਾਂ ਆਮ ਵੇਖਣ ਨੂੰ ਮਿਲਦੀਆਂ ਹਨ।

ਬਨਾਵਟੀਪਨ ਅਸਲ ਵਿਚ ਸਾਡੇ ਅੰਦਰ ਲੁਕੀ ਉਹ ਹੀਣ-ਭਾਵਨਾ ਦਾ ਪ੍ਰਤੀਕ ਹੈ ਜਿਸ ਨੂੰ ਅਸੀਂ ਦੂਸਰਿਆਂ ਤੋਂ ਲੁਕਾਉਣਾ ਚਾਹੁੰਦੇ ਹਾਂ ਕਿਉਂਕਿ 'ਲੋਕ ਕੀ ਕਹਿਣਗੇ' ਦਾ ਡਰ ਸਾਡੇ ਦਿਲ-ਦਿਮਾਗ਼ 'ਤੇ ਪੱਕਾ ਡੇਰਾ ਲਾਈ ਬੈਠਾ ਹੈ। ਸੱਚਾਈ ਜਾਣਦੇ ਹੋਏ ਵੀ ਅਸੀਂ ਬੇਧਿਆਨੀ ਕਰ ਦਿੰਦੇ ਹਾਂ ਕਿਉਂਕਿ ਇਸ ਨਾਲ ਸਾਡੇ ਅੰਤਰਮਨ ਨੂੰ ਦਿਲਾਸਾ ਮਿਲਦਾ ਹੈ। ਬਨਾਉਟੀ ਲੋਕ ਅਕਸਰ ਆਪਣੇ-ਆਪ ਨੂੰ ਖ਼ੁਸ਼ ਦੱਸਦੇ ਹਨ, ਪਰ ਆਪਣੇ ਅੰਦਰ ਦੇ ਖਾਲੀਪਣ ਵੱਲ ਕਦੇ ਨਹੀਂ ਝਾਕਦੇ। ਅਜਿਹੇ ਲੋਕਾਂ ਅੰਦਰ ਹਮੇਸ਼ਾਂ ਇਕ ਬੇਚੈਨੀ ਬਣੀ ਰਹਿੰਦੀ ਹੈ ਜਿਸ ਕਾਰਨ ਜਦੋਂ ਉਨ੍ਹਾਂ ਦੇ ਜੀਵਨ ਵਿਚ ਇਕ ਛੋਟਾ ਜਿਹਾ ਉਤਰਾਅ-ਚੜ੍ਹਾਅ ਵੀ ਆਉਂਦਾ ਹੈ ਤਾਂ ਉਹ ਡਗਮਗਾ ਜਾਂਦੇ ਹਨ। ਇਹ ਉਨ੍ਹਾਂ ਦੇ ਆਤਮ-ਵਿਸ਼ਵਾਸ ਦੀ ਕਮੀ ਕਾਰਨ ਹੁੰਦਾ ਹੈ। ਹੌਲੀ-ਹੌਲੀ ਅਜਿਹੇ ਲੋਕ ਖ਼ੁਦ ਨੂੰ ਬਨਾਵਟੀ ਦੁਨੀਆਂ ਵਿਚ ਮਹਿਸੂਸ ਕਰਨ ਲੱਗ ਪੈਂਦੇ ਹਨ ਜਿਸ ਕਾਰਨ ਅੰਸੰਤੁਸ਼ਟ ਅਤੇ ਨਿਰਾਸ਼ ਦਿਖਾਈ ਦਿੰਦੇ ਹਨ ਅਤੇ ਜ਼ਿੰਦਗੀ ਦੀ ਅਸਲੀ ਖ਼ੁਸ਼ੀ ਤੋਂ ਵਾਂਝੇ ਰਹਿ ਜਾਂਦੇ ਹਨ। ਬਨਾਵਟੀ ਲੋਕਾਂ ਵਿਚ ਅਕਸਰ ਸੰਸਕਾਰਾਂ ਅਤੇ ਆਚਰਣ ਦੀ ਕਮੀ ਹੁੰਦੀ ਹੈ ਅਤੇ ਮਤਲਬ ਨਿਕਲ ਜਾਣ ਤੋਂ ਬਾਅਦ ਇਨ੍ਹਾਂ ਦਾ ਗੱਲਬਾਤ ਦਾ ਤਰੀਕਾ ਵੀ ਬਦਲ ਜਾਂਦਾ ਹੈ। ਅਜੋਕੇ ਯੁੱਗ ਵਿਚ ਅਕਸਰ ਦੋਸਤੀ ਅਤੇ ਸੋਨ-ਸੁਨਹਿਰੀ ਰਿਸ਼ਤੇ ਵੀ ਬਨਾਵਟੀ ਬਣ ਗਏ ਹਨ। ਲੋਕ ਹੋਰਾਂ ਨੂੰ ਆਪਣੇ ਜਾਲ ਵਿਚ ਫਸਾ ਲੈਂਦੇ ਹਨ, ਉਨ੍ਹਾਂ ਨੂੰ ਤਬਾਹ ਕਰ ਦਿੰਦੇ ਹਨ। ਤੁਹਾਡੀਆਂ ਕਮਜ਼ੋਰੀਆਂ ਨੂੰ ਢਾਲ ਬਣਾ ਕੇ ਤੁਹਾਨੂੰ ਬਰਬਾਦ ਕਰਨ ਵਿਚ ਕੋਈ ਵੀ ਕਸਰ ਨਹੀਂ ਛੱਡਦੇ। ਭੋਲੇ-ਭਾਲੇ ਤੇ ਸਿੱਧੇ-ਸਾਦੇ ਲੋਕ ਇਨ੍ਹਾਂ ਦੀ ਪਕੜ ਵਿਚ ਜਲਦੀ ਆ ਜਾਂਦੇ ਹਨ। ਅਜਿਹੇ ਲੋਕ ਆਪਣੀ ਨਕਲੀ ਜੀਵਨ-ਸ਼ੈਲੀ ਵਿਚ ਹੀ ਘਿਰੇ ਰਹਿੰਦੇ ਹਨ।

ਅਸੀਂ ਫੋਕੀ ਸ਼ੋਹਰਤ ਲਈ ਦੂਜਿਆਂ ਦੀ ਵੇਖਾ-ਵੇਖੀ ਆਪਣੇ ਖ਼ਰਚੇ ਵਧਾ ਲਏ ਹਨ। ਇਸ ਲਈ ਹਰ ਸਮੇਂ ਪ੍ਰੇਸ਼ਾਨ ਰਹਿਣ ਲੱਗੇ ਹਾਂ। ਇਸ 'ਚ ਦੂਜਿਆਂ ਦਾ ਕੋਈ ਦੋਸ਼ ਨਹੀਂ, ਇਹ ਸਿਰਫ਼ ਸਾਡੀ ਆਪਣੀ ਹੀ ਮੂਰਖਤਾ ਹੈ। ਬਨਾਵਟੀਪਨ ਨੇ ਮਨੁੱਖ ਲਈ ਨਵੀਂ ਚਿੰਤਾ ਛੇੜ ਦਿੱਤੀ ਹੈ ਜਿਸ ਕਾਰਨ ਜੀਵਨ ਵਿਚੋਂ ਖ਼ੁਸ਼ੀਆਂ ਕਿਧਰੇ ਉੱਡ-ਪੁੱਡ ਗਈਆਂ ਹਨ। ਤੁਹਾਡੀ ਜ਼ਿੰਦਗੀ ਵਿਚ ਕਿਹੜੀਆਂ ਚੀਜ਼ਾਂ ਦੇ ਮਾਅਨੇ ਹੋਣੇ ਚਾਹੀਦੇ ਹਨ, ਉਹ ਤੁਹਾਨੂੰ ਹੀ ਲੱਭਣਾ ਪਵੇਗਾ ਅਤੇ ਉਨ੍ਹਾਂ ਸੱਚੀਆਂ ਚੀਜ਼ਾਂ ਨੂੰ ਹਾਸਲ ਕਰਨ 'ਚ ਹੀ ਸੱਚਾ ਆਨੰਦ ਮਿਲੇਗਾ। ਆਤਮਾ ਤਾਂ ਹਮੇਸ਼ਾਂ ਹੀ ਜਾਣਦੀ ਹੈ ਕਿ ਸਹੀ ਕੀ ਹੈ। ਚੁਣੌਤੀ ਤਾਂ ਮਨ ਨੂੰ ਸਮਝਾਉਣ ਦੀ ਹੁੰਦੀ ਹੈ। ਇਸ ਲਈ ਆਪਣੇ ਅੰਦਰ ਉੱਠਣ ਵਾਲੀਆਂ ਜਗਿਆਸਾਵਾਂ ਵੱਲ ਵਧਣ ਨਾਲ ਹੀ ਤੁਸੀਂ ਸੱਚਾ ਆਨੰਦ ਹਾਸਲ ਕਰ ਸਕੋਗੇ।

ਇਸ ਲਈ ਸੱਚੇ ਆਨੰਦ ਦੀ ਪ੍ਰਾਪਤੀ ਲਈ ਦਿਖਾਵਾ ਛੱਡ ਕੇ ਅਸਲੀਅਤ 'ਚ ਰਹਿਣਾ ਸ਼ੁਰੂ ਕਰੋ। ਇਸ ਲਈ ਅੰਦਰ ਦੀਆਂ ਤਰੰਗਾਂ ਨੂੰ ਪਛਾਣੋ ਤਾਂ ਹੀ ਤੁਸੀਂ ਆਪਣੀਆਂ ਕੋਸ਼ਿਸ਼ਾਂ ਨੂੰ ਸਹੀ ਦਿਸ਼ਾ 'ਚ ਅੱਗੇ ਵਧਾ ਸਕੋਗੇ। ਅਸਲੀਅਤ 'ਚ ਜਿਊਣ ਵਾਲਾ ਵਿਅਕਤੀ ਆਪਣਾ ਰਸਤਾ ਲੱਭ ਹੀ ਲੈਂਦਾ ਹੈ। ਜਿਸ ਤਰ੍ਹਾਂ ਸੂਰਜ ਆਪਣੇ ਚਾਨਣ ਨਾਲ ਹਨੇਰੇ ਨੂੰ ਦੂਰ ਭਜਾਉਂਦਾ ਹੈ, ਉਸੇ ਤਰ੍ਹਾਂ ਅਸਲੀਅਤ 'ਚ ਵਿਚਰਨ ਵਾਲੇ ਦਾ ਜੀਵਨ ਸੁੱਖ ਭਰਿਆ ਬਣ ਜਾਂਦਾ ਹੈ ਕਿਉਂਕਿ ਅਜਿਹੇ ਲੋਕਾਂ ਦੇ ਸਬੰਧ ਮਜ਼ਬੂਤ ਹੁੰਦੇ ਹਨ। ਅਜਿਹਾ ਹੋਣ 'ਤੇ ਹੀ ਆਪਸੀ ਵਿਸ਼ਵਾਸ ਅਤੇ ਸਹਿਯੋਗ ਸਦਕਾ ਜੀਵਨ ਨੂੰ ਸੱਚੇ ਅਰਥਾਂ 'ਚ ਪੂਰਨ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਸਿਲਾਈ ਮਸ਼ੀਨ 'ਚ ਧਾਗਾ ਨਾ ਪਾਉਣ 'ਤੇ ਚਲਦੀ ਜ਼ਰੂਰ ਹੈ, ਪਰ ਕੁਝ ਸਿਊਂਦੀ ਨਹੀਂ। ਉਸੇ ਤਰ੍ਹਾਂ ਰਿਸ਼ਤਿਆਂ ਵਿਚ ਆਪਣਾਪਨ ਨਾ ਪਾਉਣ ਵਾਲੇ ਰਿਸ਼ਤੇ ਚੱਲਦੇ ਤਾਂ ਜ਼ਰੂਰ ਹਨ, ਪਰ ਰਿਸ਼ਤਿਆਂ ਵਿਚਲੇ ਨਿੱਘ ਦਾ ਆਨੰਦ ਨਹੀਂ ਲਿਆ ਜਾ ਸਕਦਾ। ਸ਼ਾਨਦਾਰ ਰਿਸ਼ਤੇ ਚਾਹੀਦੇ ਹਨ ਤਾਂ ਅਸਲੀਅਤ 'ਚ ਰਹਿ ਕੇ ਨਿਭਾਓ। ਇਹ ਵੀ ਠੀਕ ਹੈ ਕਿ ਅਸਲੀਅਤ ਵਿਚ ਰਹਿਣ ਵਾਲੇ ਲੋਕਾਂ ਨੂੰ ਜੀਵਨ ਵਿਚ ਕਈ ਵਾਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਆਖ਼ਰ ਜਿੱਤ ਉਨ੍ਹਾਂ ਦੀ ਹੀ ਹੁੰਦੀ ਹੈ।



ਅਸਲੀਅਤ 'ਚ ਰਹਿਣ ਵਾਲੇ ਲੋਕਾਂ ਲਈ ਕੋਈ ਵੀ ਚੀਜ਼ ਦੁਰਲੱਭ ਜਾਂ ਅਛੂਤੀ ਨਹੀਂ ਹੁੰਦੀ। ਅਜਿਹੇ ਵਿਅਕਤੀਆਂ ਦਾ ਸਮਾਜ 'ਚ ਸਾਰੇ ਸਨਮਾਨ ਕਰਦੇ ਹਨ ਕਿਉਂਕਿ ਅਜਿਹੇ ਲੋਕ ਦਿਲ ਦੇ ਸੱਚੇ ਹੁੰਦੇ ਹਨ। ਆਪਣੀਆਂ ਭਾਵਨਾਵਾਂ ਕਾਰਨ ਉਹ ਜ਼ੁਬਾਨ ਦੇ ਖਰ੍ਹਵੇ ਤਾਂ ਹੋ ਸਕਦੇ ਹਨ, ਪਰ ਲੋੜ ਪੈਣ 'ਤੇ ਉਹ ਬਹਾਨੇ ਨਹੀਂ ਬਣਾਉਂਦੇ ਅਤੇ ਸਮਾਂ ਆਉਣ 'ਤੇ ਚੰਗਿਆਈ ਹੀ ਕਰਦੇ ਹਨ। ਇਸ ਲਈ ਝੂਠੀ-ਚਮਕ-ਦਮਕ ਤੋਂ ਕਿਨਾਰਾ ਕਰਦੇ ਹੋਏ ਅਸਲੀ ਜੀਵਨ ਪੰਧਾਂ ਵਿਚ ਪਰਤਣਾ ਸ਼ੁਰੂ ਕਰੋ ਤਾਂ ਹੀ ਜ਼ਿੰਦਗੀ ਅਸਲੀਅਤ ਵਿਚ ਖਿੜੀ ਰਹੇਗੀ।

—ਕੈਲਾਸ਼ ਚੰਦਰ ਸ਼ਰਮਾ



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

## ਸਿਰਫ $10 ਖਰਚਾ     ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸਪੰਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ।ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ: 778-361-2200

### ਕੰਨਿਆਂ ਦੀ ਲੋੜ

ਜੱਟ ਸਿੱਖ ਭੁੱਲਰ ਲੜਕਾ, ਉਮਰ 35, ਕੱਦ 5"5', ਐਮਐਸਸੀ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ
ਸੰਪਰਕ ਕਰੋ: 236-881-7405

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

### ਵਰ ਦੀ ਲੋੜ

ਜੱਟ ਸਿੱਖ ਭੁੱਲਰ ਲੜਕੀ, ਉਮਰ 35, ਕੱਦ 5"3', ਐਮਸੀਏ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 236-881-7405

### ਲੜਕੀ ਦੀ ਲੋੜ

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੌਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ/ਵਰਕ ਪਰਮਿਟ ਹੌਲਡਰ ਜੀਵਨ ਸਾਥਣ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ 604-761-8454, 778-837-3502

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਸਿਟੀਜ਼ਨ, ਉਮਰ 28 ਸਾਲ ਕੱਦ 5'6", ਆਈ.ਸੀ ਬੀ ਸੀ 'ਚ ਜੌਬ ਕਰਦੀ ਲੜਕੀ ਵਾਸਤੇ ਪੀ.ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ- ਫੋਨ 236-591-2719, 91-77105-45804 (ਵਟਸਐਪ)

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ । ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ । ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ।ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ-604-339-2389

# ਸਿੱਖ ਕੌਮ ਦੇ ਮਹਾਨ ਸ਼ਹੀਦ ਭਾਈ ਜੀਵਨ ਸਿੰਘ ਜੀ

'ਰੰਘਰੇਟਾ ਗੁਰੂ ਕਾ ਬੇਟਾ' ਅਖਵਾਉਣ ਦਾ ਵਰ ਪ੍ਰਾਪਤ ਕਰਨ ਵਾਲੇ ਭਾਈ ਜੈਤਾ ਜੀ ਵੱਲੋਂ ਦਿੱਲੀ ਤੋਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਆਨੰਦਪੁਰ ਪਹੁੰਚਾਉਣ ਵਾਲੀ ਘਟਨਾ ਦਾ ਸਭ ਨੂੰ ਪਤਾ ਹੈ ਪਰ ਬਹੁਤੇ ਲੋਕ ਇਹ ਨਹੀਂ ਜਾਣਦੇ ਕਿ ਭਾਈ ਜੈਤਾ ਜੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਸਿੰਘ ਸਜ ਗਏ ਸਨ ਤੇ ਭਾਈ ਜੈਤਾ ਤੋਂ ਭਾਈ ਜੀਵਨ



ਸਿੰਘ ਬਣ ਗਏ ਸਨ। ਸਿੱਖ ਕੌਮ ਦੇ ਇਸ ਮਹਾਨ ਸੂਰਬੀਰ ਨੇ ਪਹਿਲਾਂ ਭੰਗਾਣੀ, ਫਿਰ ਆਨੰਦਪੁਰ ਤੇ ਅਖ਼ੀਰ ਚਮਕੌਰ ਦੀ ਜੰਗ ਵਿੱਚ ਹਿੱਸਾ ਲਿਆ ਤੇ ਸ਼ਹੀਦੀ ਪ੍ਰਾਪਤ ਕਰ ਗਏ। ਇੰਜ, ਉਨ੍ਹਾਂ ਦਾ ਨਾਂ ਸਿੱਖ ਕੌਮ ਦੇ ਸ਼ਹੀਦਾਂ ਦੀ ਲੜੀ ਵਿੱਚ ਪਰੋਇਆ ਗਿਆ। ਭਾਈ ਜੈਤਾ ਜੀ ਦਾ ਜਨਮ ਸਮਾਜ ਵਿੱਚ ਕੀਤੀ ਅਖੌਤੀ ਵੰਡ ਅਨੁਸਾਰ ਮਜ਼੍ਹਬੀ ਅਖਵਾਉਣ ਵਾਲੇ ਸਦਾਨੰਦ ਦੇ ਘਰ 5 ਸਤੰਬਰ 1649 ਨੂੰ ਮਾਤਾ ਪ੍ਰੇਮੋ ਦੀ ਕੁੱਖੋਂ ਪਟਨਾ (ਅਜੋਕਾ ਬਿਹਾਰ ਰਾਜ) ਵਿੱਚ ਹੋਇਆ। ਪਟਨਾ ਵਿੱਚ ਹੀ ਉਹ ਜਵਾਨ ਹੋਏ ਤੇ ਇੱਥੇ ਹੀ ਤਲਵਾਰ ਚਲਾਉਣੀ, ਘੋੜਸਵਾਰੀ, ਕੀਰਤਨ ਕਰਨਾ ਅਤੇ ਯੁੱਧ ਦੇ ਤੌਰ ਤਰੀਕੇ ਸਿੱਖੇ। ਭਾਈ ਜੈਤਾ ਜੀ ਦਾ ਪਰਿਵਾਰ ਗੁਰੂ ਘਰ ਨਾਲ ਜੁੜਿਆ ਹੋਇਆ ਸੀ ਤੇ ਭਾਈ ਸਾਹਿਬ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਨ। ਜਦੋਂ ਗੁਰੂ ਤੇਗ ਬਹਾਦਰ ਜੀ ਆਨੰਦਪੁਰ ਸਾਹਿਬ ਤੋਂ ਪੰਜਾਬ ਦਾ ਲੰਮਾ ਦੌਰਾ ਤੈਅ ਕਰਦਿਆਂ ਦਿੱਲੀ ਵੱਲ ਰਵਾਨਾ ਹੋਏ ਤਾਂ ਉਸ ਸਮੇਂ ਸੰਗਤ ਵਿੱਚ ਭਾਈ ਜੈਤਾ ਜੀ ਵੀ ਸ਼ਾਮਲ ਸਨ, ਜੋ ਗੁਰੂ ਜੀ ਨਾਲ ਜਾ ਰਹੇ ਸਨ। ਮੁਗ਼ਲਾਂ ਨੇ ਰਸਤੇ ਵਿੱਚ ਹੀ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਨ੍ਹਾਂ ਨੂੰ ਕੁਝ ਸਮੇਂ ਲਈ ਪਟਿਆਲਾ ਨੇੜੇ ਬਹਾਦਰਗੜ੍ਹ ਦੇ ਕਿਲ੍ਹੇ ਵਿੱਚ ਕੈਦ ਕਰ ਕੇ ਰੱਖਿਆ ਗਿਆ। ਗੁਰੂ ਸਾਹਿਬ ਨੇ ਨਾਲ ਆ ਰਹੀ ਸਾਰੀ ਸੰਗਤ ਨੂੰ ਵਾਪਸ ਭੇਜ ਦਿੱਤਾ। ਗੁਰੂ ਜੀ ਨੂੰ ਪੰਜ ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਕੇ ਦਿੱਲੀ ਲਿਆਂਦਾ ਗਿਆ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਨੂੰ ਚਾਦਨੀ ਚੌਕ ਵਿੱਚ ਸ਼ਹੀਦ ਕਰਨ ਮਗਰੋਂ ਮੁਗ਼ਲ ਅਧਿਕਾਰੀ ਕੋਤਵਾਲੀ ਵਿੱਚ ਬੈਠੇ ਇਸ ਗੱਲ 'ਤੇ ਖ਼ੁਸ਼ ਹੋ ਰਹੇ ਸਨ ਕਿ ਉਨ੍ਹਾਂ ਨੇ ਆਪਣੇ ਸਭ ਤੋਂ ਵੱਡੇ ਵਿਰੋਧੀ ਨੂੰ ਖ਼ਤਮ ਕਰ ਦਿੱਤਾ ਹੈ ਤੇ ਹੁਣ ਲੋਕਾਂ 'ਤੇ ਉਨ੍ਹਾਂ ਦਾ ਦਬਦਬਾ ਵਧ ਜਾਵੇਗਾ। ਭਾਈ ਜੈਤਾ ਜੀ ਵੀ ਉਸ ਵੇਲੇ ਦਿੱਲੀ ਵਿੱਚ ਸਨ। ਮੁਗ਼ਲਾਂ ਨੂੰ ਇਸ ਗੱਲ ਦਾ ਜ਼ਰਾ ਵੀ ਇਲਮ ਨਹੀਂ ਸੀ ਕਿ ਕੋਈ ਉਨ੍ਹਾਂ ਦੀ ਤਾਕਤ ਨੂੰ ਵੰਗਾਰ ਸਕਦਾ ਹੈ ਪਰ ਜੈਤਾ ਜੀ ਨੇ ਇਹ ਖ਼ਤਰਾ ਮੁੱਲ ਲੈਣ ਦੀ ਧਾਰ ਲਈ ਤੇ ਬੜੀ ਹੁਸ਼ਿਆਰੀ ਨਾਲ ਗੁਰੂ ਤੇਗ ਬਹਾਦਰ ਜੀ ਦਾ ਧੜ ਨਾਲੋਂ ਅਲੱਗ ਹੋਇਆ ਸੀਸ ਚੁੱਕਿਆ ਤੇ ਸਤਿਕਾਰ ਨਾਲ ਕੱਪੜੇ ਵਿੱਚ ਲਪੇਟ ਕੇ ਲੈ ਤੁਰੇ। ਬਾਕੀ ਸਰੀਰ ਨੂੰ ਲੱਖੀ ਸ਼ਾਹ ਵਣਜਾਰਾ ਆਪਣੇ ਪਿੰਡ ਲੈ ਗਿਆ। ਇਨ੍ਹਾਂ ਦੋਵਾਂ ਸੂਰਬੀਰਾਂ ਨੇ ਉਸ ਸਰਕਾਰੀ ਐਲਾਨ ਦੀਆਂ ਧੱਜੀਆਂ ਉਡਾ ਦਿੱਤੀਆਂ, ਜਿਸ ਵਿੱਚ ਕਿਹਾ ਗਿਆ ਸੀ ਕਿ ਕੋਈ ਵੀ ਗੁਰੂ ਦਾ ਸਿੱਖ ਗੁਰੂ ਸਾਹਿਬ ਦਾ ਸੀਸ ਤੇ ਧੜ ਚੁੱਕ ਕੇ ਨਹੀਂ ਲਿਜਾ ਸਕਦਾ। ਜਦੋਂ ਭਾਈ ਜੈਤਾ ਜੀ ਆਨੰਦਪੁਰ ਸਾਹਿਬ ਪਹੁੰਚੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਦਾ ਸੀਸ ਦੇਖ ਕੇ ਭਾਈ ਜੈਤਾ ਜੀ ਨੂੰ ਘੁੱਟ ਕੇ ਆਪਣੀ ਗਲਵੱਕੜੀ ਵਿੱਚ ਲੈ ਲਿਆ ਤੇ 'ਰੰਘਰੇਟਾ ਗੁਰੂ ਕਾ ਬੇਟਾ' ਦਾ ਵਰ ਦਿੱਤਾ। ਇਸ ਤਰ੍ਹਾਂ ਰੰਘਰੇਟਾ ਨੂੰ ਗੁਰੂ ਸਾਹਿਬ ਦਾ ਪੁੱਤਰ ਕਹਿ ਕੇ ਮਾਣ ਬਖ਼ਸ਼ਿਆ। ਉਸ ਸਮੇਂ ਭਾਈ ਜੈਤਾ ਜੀ ਦੇ ਨਾਲ ਇੱਕ ਛੀਂਬਾ ਸਿੱਖ ਭਾਈ ਨਾਨੋ ਵੀ ਸੀ। ਗੁਰੂ ਜੀ ਨੇ ਉਸ ਦਾ ਵੀ ਸਨਮਾਨ ਕੀਤਾ। ਉਸ ਦਿਨ ਤੋਂ ਭਾਈ ਜੈਤਾ ਜੀ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਆਨੰਦਪੁਰ ਸਾਹਿਬ ਰਹਿਣ ਲੱਗ ਪਏ। 1699 ਵਿੱਚ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਦੀ ਸਾਜਨਾ ਕੀਤੀ ਤੇ ਅੰਮ੍ਰਿਤ ਛਕਾ ਕੇ ਸਿੱਖਾਂ ਨੂੰ ਸਿੰਘ ਸਜਾਇਆ। ਭਾਈ ਜੈਤਾ ਜੀ ਨੇ ਵੀ ਅੰਮ੍ਰਿਤ ਪਾਨ ਕਰ ਲਿਆ ਤੇ ਭਾਈ ਜੈਤਾ ਤੋਂ ਜੀਵਨ ਸਿੰਘ ਬਣ ਗਏ। ਉਹ ਬੜੇ ਸੋਹਣੇ ਉੱਚੇ ਲੰਮੇ ਡੀਲ-ਡੌਲ ਵਾਲੇ ਦੀਦਾਰੀ ਸਿੰਘ ਲੱਗਣ ਲੱਗ ਪਏ। 1701 ਨੂੰ ਆਨੰਦਪੁਰ ਸਾਹਿਬ 'ਤੇ ਮੁਗ਼ਲਾਂ ਅਤੇ ਹਿੰਦੂ ਰਾਜਿਆਂ ਨੇ ਹਮਲਾ ਕਰ ਦਿੱਤਾ। ਹਮਲਾ ਕਰਨ ਵਾਲਿਆਂ ਵਿੱਚ ਦਿੱਲੀ ਤੋਂ ਆਈ ਗਸ਼ਤੀ ਫ਼ੌਜ, ਲਾਹੌਰ ਤੇ ਸਰਹੰਦ ਦੇ ਸੂਬੇਦਾਰ ਦੀਆਂ ਫ਼ੌਜਾਂ ਤੇ ਬਾਈਧਾਰ ਦੇ ਹਿੰਦੂ ਰਾਜਿਆਂ ਦੀਆਂ ਫ਼ੌਜਾਂ ਸ਼ਾਮਲ ਸਨ। ਤਿੰਨ ਸਾਲ ਯੁੱਧ ਚੱਲਦਾ ਰਿਹਾ ਤੇ ਲੜਨ ਵਾਲਿਆਂ ਵਿੱਚ ਭਾਈ ਜੀਵਨ ਸਿੰਘ ਵੀ ਸ਼ਾਮਲ ਸਨ। ਅਖ਼ੀਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣਾ ਪਿਆ ਤੇ 40 ਸਿੰਘ ਉਨ੍ਹਾਂ ਨੂੰ ਬੇਦਾਵਾ ਲਿਖ ਕੇ ਦੇ ਗਏ ਤਾਂ ਅਤਿ ਤੰਗੀ ਦੇ ਦਿਨਾਂ ਵਿੱਚ ਵੀ ਚੜ੍ਹਦੀ ਕਲਾ ਵਿੱਚ ਰਹਿ ਕੇ ਲੜਾਈ ਲੜਨ ਵਾਲਿਆਂ ਵਿੱਚ ਭਾਈ ਜੀਵਨ ਸਿੰਘ ਜੀ ਸ਼ਾਮਲ ਸਨ। ਆਨੰਦਪੁਰ ਸਾਹਿਬ ਤੋਂ ਕੂਚ ਕਰਨ ਮਗਰੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਰਸਾ ਨਦੀ ਨੂੰ ਪਾਰ ਕਰ ਕੇ ਚਮਕੌਰ ਸਾਹਿਬ ਆ ਡੇਰੇ ਲਾਏ ਤੇ ਇੱਥੇ ਮੁੜ ਹਮਲਾ ਕਰਨ ਵਾਲੀ ਸ਼ਾਹੀ ਫ਼ੌਜ ਨਾਲ ਸਖ਼ਤ ਟੱਕਰ ਲਈ। ਇਸ ਲੜਾਈ ਵਿੱਚ ਥੋੜ੍ਹੀ ਗਿਣਤੀ ਵਿੱਚ ਸਿੰਘ ਗੁਰੂ ਸਾਹਿਬ ਦੇ ਨਾਲ ਸਨ, ਜੋ ਥੋੜ੍ਹੇ ਥੋੜ੍ਹੇ ਕਰਕੇ ਮੈਦਾਨ ਵਿੱਚ ਨਿਕਲਦੇ ਤੇ ਦੁਸ਼ਮਣ ਦਾ ਨੁਕਸਾਨ ਕਰ ਕੇ ਲੜਦੇ ਹੋਏ ਸ਼ਹੀਦ ਹੋ ਜਾਂਦੇ। ਦੋਵੇਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਵੀ ਇੱਥੇ ਹੀ ਯੁੱਧ ਵਿੱਚ ਸ਼ਹੀਦ ਹੋ ਗਏ। ਭਾਈ ਜੀਵਨ ਸਿੰਘ ਨੇ ਚਮਕੌਰ ਦੇ ਯੁੱਧ ਵਿੱਚ ਆਪਣੀ ਵੀਰਤਾ ਦਾ ਕਮਾਲ ਦਿਖਾਇਆ ਤੇ ਦੁਸ਼ਮਣ 'ਤੇ ਹਮਲਾ ਕਰ ਕੇ ਉਨ੍ਹਾਂ ਦੀਆਂ ਸਫ਼ਾਂ ਚੀਰਦਾ ਹੋਇਆ ਦੂਰ ਤਕ ਲੰਘ ਗਿਆ। ਸਾਰੀ ਫ਼ੌਜ ਵਿੱਚ ਤਰਥੱਲੀ ਮਚਾ ਦਿੱਤੀ। ਅਖ਼ੀਰ 6 ਦਸੰਬਰ 1705 ਨੂੰ ਭਾਈ ਜੀਵਨ ਸਿੰਘ ਲੜਦੇ ਹੋਏ ਸ਼ਹੀਦ ਹੋ ਗਏ। ਕਵੀ ਸੰਤੋਖ ਸਿੰਘ ਦੇ ਕਥਨ ਅਨੁਸਾਰ:

'ਜੀਵਨ ਸਿੰਘ ਸਮੇਤ ਗਿਰੇ ਸਭਿ ਪ੍ਰਾਨ ਦਯੋ ਗੁਰ ਕੇ ਪੁਰ ਪਾਯੋ'

ਭਾਈ ਜੀਵਨ ਸਿੰਘ ਦਾ ਇਹ ਮਹਾਨ ਕਾਰਨਾਮਾ ਜਿੱਥੇ ਇਤਿਹਾਸ ਵਿੱਚ ਸਦਾ ਯਾਦ ਰਹੇਗਾ, ਉੱਥੇ ਹੀ ਉਨ੍ਹਾਂ ਦੀ ਸ਼ਹੀਦੀ ਵੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਤਸ਼ਾਹ ਦਿੰਦੀ ਰਹੇਗੀ।

—ਜੁਗਰਾਜ ਸਿੰਘ

NORTHCOAST
LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

# ‘ਤੇਜ਼ਾਬ’ ਦੇ ਰੀਮੇਕ ’ਚ ਨਜ਼ਰ ਆਵੇਗੀ ਸ਼ਰਧਾ ਕਪੂਰ



‘ਤੀਨ ਪੱਤੀ’ ਰਾਹੀਂ ਬਾਲੀਵੁੱਡ ਵਿਚ ਡੈਬਿਊ ਕਰਨ ਵਾਲੀ ਸ਼ਰਧਾ ਕਪੂਰ ਲੰਮੇ ਸਮੇਂ ਤੋਂ ਵੱਡੇ ਪਰਦੇ ਤੋਂ ਦੂਰ ਹੈ। ਉਹ ਆਖਰੀ ਵਾਰ, ਟਾਈਗਰ ਸ਼ਰਾਫ ਦੇ ਨਾਲ ਫ਼ਿਲਮ ‘ਬਾਗੀ-3’ ਵਿਚ ਨਜ਼ਰ ਆਈ ਸੀ। ਫ਼ਿਲਮ ਨੇ ਚੰਗੀ ਕਮਾਈ ਕੀਤੀ ਸੀ। ਨਾਗਿਨ ਟ੍ਰਾਇਓਲਾਜੀ ਬੰਦ ਹੋ ਜਾਣ ਤੋਂ ਬਾਅਦ ਹੁਣ ਸ਼ਰਧਾ ਦੀਆਂ ਸਾਰੀਆਂ ਉਮੀਦਾਂ ਲਵ ਰੰਜਨ ਦੀ ਰੋਮਾਂਟਿਕ ਕਾਮੇਡੀ ’ਤੇ ਟਿਕੀਆਂ ਹੋਈਆਂ ਹਨ। ਇਸ ਵਿਚ ਉਹ ਪਹਿਲੀ ਵਾਰ ਰਣਬੀਰ ਕਪੂਰ ਨਾਲ ਨਜ਼ਰ ਆਵੇਗੀ। ਫ਼ਿਲਮ ਰਿਲੀਜ਼ ਲਈ ਪੋਸਟ ਪ੍ਰੋਡਕਸ਼ਨ ਦੇ ਆਖ਼ਰੀ ਪੜਾਅ ਹੈ। ਬੀਤੇ ਮਹੀਨੇ ਰਿਲੀਜ਼ ਹੋਈ ਅਮਰ ਕੌਸ਼ਿਕ ਦੇ ਨਿਰਦੇਸ਼ਨ ਵਿਚ ਬਣੀ ‘ਭੇੜੀਆ’ ਵਿਚ ਸ਼ਰਧਾ ਕਪੂਰ ਇਕ ਡਾਂਸ ਨੰਬਰ ‘ਠੁਮਕੇਸ਼ਵਰੀ ‘ਤੇ ਥਿਰਕਦੀ ਨਜ਼ਰ ਆਈ ਸੀ। ਨਿਰਮਾਤਾ ਦਿਨੇਸ਼ ਵਿਜ਼ਨ ਨਾਲ ਸ਼ਰਧਾ ਕਪੂਰ ਦੇ ਕਾਫ਼ੀ ਚੰਗੇ ਸੰਬੰਧ ਰਹੇ ਹਨ ਅਤੇ ਸ਼ਰਧਾ ਨੇ ਇਹ ਗੀਤ ਕੈਮਿਓ ਸਿਰਫ਼ ਇਸੇ ਵਜ੍ਹਾ ਨਾਲ ਕੀਤਾ। ‘ਇਸਤਰੀ-2‘ ਵਿਚ ਸ਼ਰਧਾ ਕਪੂਰ ਇਕ ਵਾਰ ਫਿਰ ਰਾਜ ਕੁਮਾਰ ਰਾਓ ਨਾਲ ਵੱਡੇ ਪਰਦੇ ‘ਤੇ ਨਜ਼ਰ ਆਵੇਗੀ। ਫ਼ਿਲਮ ਵਿਚ ਵਰੁਣ ਧਵਨ ਦਾ ਵੀ ਇਕ ਕੈਮਿਓ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। 2018 ਵਿਚ ਆਈ ‘ਇਸਤਰੀਂ’ ਵਿਚ ਰਾਜ ਕੁਮਾਰ ਰਾਓ ਅਤੇ ਸ਼ਰਧਾ ਕਪੂਰ ਦੀ ਕੈਮਿਸਟਰੀ ਨੂੰ ਬਹੁਤ ਪਸੰਦ ਕੀਤਾ ਗਿਆ ਸੀ। ਸ਼ੇਖਰ ਕਪੂਰ ਇਕ ਵੈੱਬ ਸੀਰੀਜ਼ ‘ਸਤੀ’ ਲਿਆ ਰਹੇ ਹਨ। ਇਸ ਦੀ ਕਾਸਟਿੰਗ ‘ਤੇ ਕੰਮ ਚੱਲ ਰਿਹਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਸ਼ਰਧਾ ਕਪੂਰ ਨੂੰ ਇਸ ਲਈ ਕਾਸਟ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ‘ਬੜੇ ਮੀਆਂ ਛੋਟੇ ਮੀਆਂ’ ਵਿਚ ਜਿਥੇ ਅਕਸ਼ੈ ਕੁਮਾਰ ਦੇ ਉਲਟ ਮਾਨੁਸ਼ੀ ਛਿੱਲਰ ਦਾ ਨਾਂਅ ਫਾਈਨਲ ਹੋ ਚੁੱਕਿਆ ਹੈ, ਉਥੇ ਟਾਈਗਰ ਦੇ ਨਾਲ ਸ਼ਰਧਾ ਕਪੂਰ ਦੇ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਸ਼ਰਧਾ ਦੇ ਖਾਤੇ ਵਿਚ ਇਕ ਪਾਸੇ ਜਿਥੇ ‘ਚਾਲਬਾਜ਼ ਇਨ ਲੰਦਨ’ ਹੈ ਤੇ ਦੂਜੇ ਪਾਸੇ ਨਿਰਮਾਤਾ ਮੁਰਾਦ ਖੇਤਾਨੀ, ਅਨਿਲ ਕਪੂਰ ਦੀ ਸੁਪਰਹਿਟ ‘ਤੇਜ਼ਾਬ’ ਦਾ ਜੋ ਰੀਮੇਕ ਬਣਾਉਣ ਜਾ ਰਹੇ ਹਨ, ਉਸ ਵਿਚ ਵੀ ਕਾਰਤਿਕ ਆਰੀਅਨ ਦੇ ਨਾਲ ਸ਼ਰਧਾ ਕਪੂਰ ਨੂੰ ਕਾਸਟ ਕੀਤੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ।



# ਰਜਨੀਕਾਂਤ ਦੇ 72ਵੇਂ ਜਨਮ ਦਿਨ ’ਤੇ ਪ੍ਰਸ਼ੰਸਕਾਂ ਨੇ 15 ਫੁੱਟ ਦਾ ਕੇਕ ਕੱਟਿਆ

ਚੇਨੱਈ-ਦੱਖਣ ਭਾਰਤੀ ਫਿਲਮਾਂ ਦੇ ਮੈਗਾਸਟਾਰ ਅਤੇ ਉੱਘੇ ਅਦਾਕਾਰ ਰਜਨੀਕਾਂਤ ਅੱਜ 72 ਸਾਲਾਂ ਦੇ ਹੋ ਗਏ। ਉਨ੍ਹਾਂ ਦਾ ਜਨਮ ਦਿਨ ਪੂਰੇ ਤਾਮਿਲਨਾਡੂ ਵਿੱਚ ਧੂਮਧਾਮ ਨਾਲ ਮਨਾਇਆ ਗਿਆ। ਉਨ੍ਹਾਂ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਮਦੁਰਾਈ ਵਿੱਚ ਪ੍ਰਸ਼ੰਸਕਾਂ ਦੇ ਇੱਕ ਸਮੂਹ ਨੇ 73 ਕਿੱਲੋ ਦਾ 15 ਫੁੱਟ ਲੰਬਾ ਕੇਕ ਕੱਟਿਆ। ਪ੍ਰਸ਼ੰਸਕਾਂ ਨੇ ਕੇਕ ‘ਤੇ ਦਿਲਚਸਪ ਫਿਕਰਾ ਲਿਖਾਇਆ ਸੀ, ‘ਇਕ ਦੇਸ਼, ਇਕ ਚੋਣ’। ਮਦੁਰਾਈ ਤੋਂ ਰਜਨੀਕਾਂਤ ਦੇ ਪ੍ਰਸ਼ੰਸਕ ਸੁੰਦਰਰਾਜਨ ਨੇ ਕਿਹਾ, “ਰਜਨੀਕਾਂਤ ਸਾਡੇ ਜੀਵਨ ਦੀ ਸਭ ਤੋਂ ਵੱਡੀ ਪ੍ਰੇਰਨਾ ਹੈ। ਅਸੀਂ ਉਸ ਦੀ ਸਫਲਤਾ ਦੀ ਕਾਮਨਾ ਕਰਦੇ ਹਾਂ। ਸਾਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਭਾਵੇਂ ਰਾਜਨੀਤੀ ਵਿੱਚ ਸ਼ਾਮਲ ਹੋ ਰਹੇ ਹਨ ਜਾਂ ਨਹੀਂ ਪਰ ਸਾਡੇ ਲਈ ਸਾਡਾ ਰਜਨੀਕਾਂਤ ਹੀ ਪਹਿਲਾਂ ਹੈ।“ ਉਨ੍ਹਾਂ ਦੇ ਸਹਿ-ਅਦਾਕਾਰ ਅਤੇ ਤਾਮਿਲ ਫਿਲਮ ਇੰਡਸਟਰੀ ਦੇ ਇੱਕ ਹੋਰ ਸੁਪਰਸਟਾਰ ਕਮਲ ਹਾਸਨ ਨੇ ਆਪਣੇ ਟਵਿੱਟਰ ਹੈਂਡਲ ‘ਤੇ ਰਜਨੀਕਾਂਤ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ। ਉਸ ਨੇ ਲਿਖਿਆ, “ਆਪਣੇ ਸਭ ਤੋਂ ਚੰਗੇ ਦੋਸਤ ਰਜਨੀਕਾਂਤ ਨੂੰ ਉਸ ਦੇ 72ਵੇਂ ਜਨਮ ਦਿਨ ‘ਤੇ ਸ਼ੁਭਕਾਮਨਾਵਾਂ। ਇਸ ਖਾਸ ਦਿਨ ‘ਤੇ ਮੈਂ ਤੁਹਾਡੀ ਸਫਲ ਯਾਤਰਾ ਜਾਰੀ ਰੱਖਣ ਦੀ ਕਾਮਨਾ ਕਰਦਾ ਹਾਂ।“ ਇਸ ਤੋਂ ਇਲਾਵਾ ਹੋਰ ਅਦਾਕਾਰਾਂ ਜਿਵੇਂ ਧਨੁਸ਼, ਰਾਘਵੇਂਦਰ ਲਾਰੈਂਸ, ਮਮੂਟੀ ਤੇ ਮੋਹਨਲਾਲ ਆਦਿ ਨੇ ਵੀ ਸੁਪਰਸਟਾਰ ਨੂੰ ਜਨਮ ਦਿਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।

## ਇਮਤਿਆਜ਼ ਅਲੀ ਦੀ ‘ਚਮਕੀਲਾ’ ਵਿਚ ਨਜ਼ਰ ਆਉਣਗੇ ਪਰਿਨੀਤੀ ਤੇ ਦਿਲਜੀਤ





ਮੁੰਬਈ-ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਦੋਸਾਂਝ ਨਿਰਦੇਸ਼ਕ ਇਮਤਿਆਜ਼ ਅਲੀ ਦੀ ਅਗਲੀ ਫਿਮਲ ‘ਚਮਕੀਲਾ’ ਵਿੱਚ ਪਰਿਨੀਤੀ ਨਾਲ ਕੰਮ ਕਰੇਗਾ। ਇਹ ਫਿਲਮ ਪੰਜਾਬ ਦੀ ਦੋਗਾਣਾ ਜੋੜੀ ਅਮਰਜੋਤ ਕੌਰ ਤੇ ਅਮਰ ਸਿੰਘ ਚਮਕੀਲਾ ‘ਤੇ ਆਧਾਰਿਤ ਹੈ, ਜਿਸ ਵਿੱਚ ਪਰਿਨੀਤੀ ਅਮਰਜੋਤ ਕੌਰ ਅਤੇ ਦਿਲਜੀਤ ਦੋਸਾਂਝ ਚਮਕੀਲੇ ਦੀ ਭੂਮਿਕਾ ਵਿੱਚ ਨਜ਼ਰ ਆਵੇਗਾ। ਜ਼ਿਕਰਯੋਗ ਹੈ ਕਿ 8 ਮਾਰਚ 1988 ਨੂੰ ਅਮਰ ਸਿੰਘ ਚਮਕੀਲਾ ਤੇ ਉਸ ਦੀ ਪਤਨੀ ਅਮਰਜੋਤ ਕੌਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਸੂਤਰਾਂ ਅਨੁਸਾਰ ਇਸ ਫਿਲਮ ਦੀ ਸ਼ੂਟਿੰਗ 11 ਦਸੰਬਰ ਨੂੰ ਮੁੰਬਈ ‘ਚ ਸ਼ੁਰੂ ਹੋਵੇਗੀ। ਇਸ ਫਿਲਮ ਦੀ ਤਿਆਰੀ ਲਈ ਦੋਵੇਂ ਅਦਾਕਾਰਾਂ ਨੇ ਕਈ ਵਰਕਸ਼ਾਪਾਂ ਵੀ ਲਗਾਈਆਂ ਹਨ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.

Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh
778-549-3605
E: singh.mand@icloud.com



# ਦੀਪਿਕਾ ਨੂੰ ਗਲੈਮਰਸ ਅੰਦਾਜ਼ ਵਿਚ ਪੇਸ਼ ਕਰਨਾ ਚਾਹੁੰਦਾ ਹੈ ਸਿਧਾਰਥ

ਮੁੰਬਈ-ਫਿਲਮ 'ਪਠਾਨ' ਦੇ ਨਿਰਦੇਸ਼ਕ ਸਿਧਾਰਥ ਆਨੰਦ ਦਾ ਕਹਿਣਾ ਹੈ ਕਿ ਉਸ ਦੀ ਅਗਲੀ ਐਕਸ਼ਨ ਫਿਲਮ ਵਿੱਚ ਉਹ ਅਦਾਕਾਰਾ ਦੀਪਿਕਾ ਪਾਦੂਕੋਨ ਨੂੰ ਹੁਣ ਤੱਕ ਦੇ ਸਭ ਤੋਂ ਗਲੈਮਰਸ ਅਵਤਾਰ ਵਿੱਚ ਪੇਸ਼ ਕਰਨਾ ਚਾਹੁੰਦਾ ਹੈ। ਸਿਧਾਰਥ ਨੇ ਕਿਹਾ, "ਦੀਪਿਕਾ ਪਾਦੂਕੋਨ ਇੱਕ ਬਿਹਤਰੀਨ ਅਦਾਕਾਰਾ ਹੋਣ ਦੇ ਨਾਲ-ਨਾਲ ਦੇਸ਼ ਦੀਆਂ ਸਭ ਤੋਂ ਖ਼ੂਬਸੂਰਤ ਅਦਾਕਾਰਾਵਾਂ ਵਿੱਚੋਂ ਇੱਕ ਹੈ, ਜਿਸ ਦੀ ਸ਼ਖ਼ਸੀਅਤ ਹਰ ਫਿਲਮ ਨਾਲ ਹੋਰ ਨਿੱਖਰੀ ਹੈ। ਦੀਪਿਕਾ ਨੂੰ ਇਸ ਫਿਲਮ ਵਿੱਚ ਲੈਣ ਦਾ ਫੈਸਲਾ ਬਹੁਤ ਹੀ ਸੁਭਾਵਕ ਸੀ ਕਿਉਂਕਿ ਉਹ



ਬਿਨਾਂ ਕਿਸੇ ਖ਼ਾਸ ਮਿਹਨਤ ਤੋਂ ਬਹੁਤ ਖ਼ੂਬਸੂਰਤ ਲੱਗ ਸਕਦੀ ਹੈ। ਇਸ ਲਈ ਜਦੋਂ ਫਿਲਮ ਵਿੱਚ ਦੀਪਿਕਾ ਹੁੰਦੀ ਹੈ ਤਾਂ ਤੁਹਾਨੂੰ ਉਸ ਦੀ ਸ਼ਖ਼ਸੀਅਤ ਨਾਲ ਨਿਆਂ ਕਰਨ ਲਈ ਉਸ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਨਾ ਯਕੀਨੀ ਬਣਾਉਣਾ ਪੈਂਦਾ ਹੈ।" ਸਿਧਾਰਥ ਨੇ ਕਿਹਾ, "ਮੈਂ ਦੀਪਿਕਾ ਨੂੰ ਹੁਣ ਤੱਕ ਦੇ ਸਭ ਤੋਂ ਗਲੈਮਰਸ ਅਵਤਾਰ ਵਿੱਚ ਪੇਸ਼ ਕਰਨਾ ਚਾਹੁੰਦਾ ਹਾਂ ਤੇ ਹੁਣ ਇਸ ਨੂੰ ਅਮਲ ਵਿੱਚ ਲਿਆਉਣਾ ਮੇਰਾ ਤੇ ਮੇਰੀ ਟੀਮ ਦਾ ਮਿਸ਼ਨ ਹੈ।" ਜ਼ਿਕਰਯੋਗ ਹੈ ਕਿ ਫਿਲਮ 'ਪਠਾਨ' 25 ਜਨਵਰੀ ਨੂੰ ਹਿੰਦੀ, ਤਾਮਿਲ ਤੇ ਤੇਲਗੂ ਭਾਸ਼ਾਵਾਂ ਵਿੱਚ ਰਿਲੀਜ਼ ਕੀਤੀ ਜਾਵੇਗੀ।

# ਮੈਨੂੰ ਸ਼ਾਹਰੁਖ਼ ਨਾਲ ਸੈੱਟ 'ਤੇ ਓਪਰਾ ਨਹੀਂ ਲੱਗਿਆ-ਰਿਧੀ ਡੋਗਰਾ


ਮੁੰਬਈ-ਅਦਾਕਾਰਾ ਰਿਧੀ ਡੋਗਰਾ ਲਈ ਨਵਾਂ ਸਾਲ ਬਹੁਤ ਖਾਸ ਹੋਵੇਗਾ, ਕਿਉਂਕਿ ਅਗਲੇ ਸਾਲ ਉਸ ਕੋਲ ਬਹੁਤ ਸਾਰੇ ਪ੍ਰਾਜੈਕਟ ਹਨ ਅਤੇ ਉਸ ਦੀ ਪਹਿਲੀ ਫ਼ਿਲਮ ਰਿਲੀਜ਼ ਹੋਣ ਵਾਲੀ ਹੈ। ਰਿਧੀ ਨੇ ਟੈਲੀਵਿਜ਼ਨ ਜਗਤ ਬਹੁਤ ਸ਼ਾਨਦਾਰ ਕੰਮ ਕੀਤਾ ਹੈ। ਰਿਧੀ ਹੁਣ ਵੱਡੇ ਪਰਦੇ 'ਤੇ ਛਾਉਣ ਲਈ ਤਿਆਰ ਹੈ। ਉਹ



ਸ਼ਾਹਰੁਖ਼ ਖਾਨ ਨਾਲ ਫ਼ਿਲਮ 'ਜਵਾਨ' ਅਤੇ ਸਲਮਾਨ ਖਾਨ ਨਾਲ ਫ਼ਿਲਮ 'ਟਾਈਗਰ 3' ਵਿੱਚ ਦਿਖਾਈ ਦੇਵੇਗੀ। ਅਦਾਕਾਰਾ ਨੇ ਨਵੇਂ ਸਾਲ ਵਿਚ ਆਪਣੇ ਪ੍ਰਾਜੈਕਟਾਂ ਅਤੇ ਸ਼ਾਹਰੁਖ ਖਾਨ ਦੇ ਦਿੱਲੀ ਨਾਲ ਸਬੰਧਾਂ ਬਾਰੇ ਗੱਲਬਾਤ ਕੀਤੀ ਹੈ। ਰਿਧੀ ਨੇ ਆਖਿਆ, "ਮੈਂ ਅਗਲੇ ਸਾਲ ਨੂੰ ਲੈ ਕੇ ਕਾਫੀ ਖ਼ੁਸ਼ ਹਾਂ ਕਿਉਂਕਿ ਮੈਂ ਕਈ ਅਹਿਮ ਪ੍ਰਾਜੈਕਟਾਂ ਵਿੱਚ ਮਾਰੂਫ ਸਿਤਾਰਿਆਂ ਤੇ ਕਹਾਣੀਕਾਰਾਂ ਨਾਲ ਕੰਮ ਕੀਤਾ ਹੈ।"

# ਲੰਡਨ ਦੀ ਠੰਢ ਨੇ ਟਵਿੰਕਲ ਖੰਨਾ ਦਾ ਕੀਤਾ ਬੁਰਾ ਹਾਲ

ਲੰਡਨ-ਅਦਾਕਾਰਾ ਤੇ ਲੇਖਿਕਾ ਟਵਿੰਕਲ ਖੰਨਾ ਨੇ ਹਾਲ ਹੀ ਵਿੱਚ ਲੰਡਨ ਦੀ ਇੱਕ ਵੀਡੀਓ ਸਾਂਝੀ ਕੀਤੀ ਹੈ। ਇਸ ਵੀਡੀਓ ਵਿੱਚ ਅਦਾਕਾਰਾ ਨੇ ਦੱਸਿਆ ਹੈ ਕਿ ਉਸ ਦੇ



ਪੁੱਤਰ ਆਰਵ ਭਾਟੀਆ ਦਾ ਕਹਿਣਾ ਹੈ ਕਿ ਲੰਡਨ ਦੀ ਹੱਡੀ ਚੀਰਵੀਂ ਠੰਢ ਕਰ ਕੇ ਕਈ ਵਾਰ ਉਹ ਐਨੇ ਸਾਰੇ ਗਰਮ ਕੱਪੜੇ ਪਾ ਲੈਂਦੀ ਹੈ ਕਿ ਉਹ ਉਸ ਨੂੰ ਹਿਮ ਮਾਨਵ ਲੱਗਣ ਲੱਗ ਪੈਂਦੀ ਹੈ। ਆਪਣੇ ਇਸਟਾਗ੍ਰਾਮ ਅਕਾਊਂਟ 'ਤੇ ਅਦਾਕਾਰਾ ਨੇ ਇੱਕ ਸਵਿਮਿੰਗ ਪੂਲ ਦੇ ਕੰਢੇ ਦੀ ਤਸਵੀਰ ਸਾਂਝੀ ਕਰਦਿਆਂ ਲਿਖਿਆ ਹੈ, "ਕੀ ਹਿਮ ਮਾਨਵ ਧੁੱਪ ਦੇ ਸੁਫ਼ਨੇ ਲੈਂਦੇ ਹਨ? ਲੰਡਨ ਦੀ ਹੱਡ ਚੀਰਵੀਂ ਠੰਢ ਵਿੱਚ ਗਰਮ ਕੱਪੜਿਆਂ ਦੀਆਂ ਕਈ ਪਰਤਾਂ ਚੜ੍ਹਾ ਕੇ, ਸਵੈਟਰ, ਗਰਮ ਜੁਰਾਬਾਂ ਤੇ ਕੋਟ ਪਾਉਣ ਮਗਰੋਂ ਮੇਰਾ ਪੁੱਤਰ ਆਖਦਾ ਹੈ ਕਿ ਹੁਣ ਇਸ ਗੱਲ ਦਾ ਪ੍ਰਮਾਣ ਮਿਲ ਗਿਆ ਹੈ ਕਿ ਸੱਚਮੁੱਚ ਹਿਮ ਮਾਨਵ ਹੁੰਦੇ ਹਨ। ਮੈਂ ਧੁੱਪ ਦੇ ਸੁਫ਼ਨੇ ਲੈ ਕੇ ਖ਼ੁਦ ਨੂੰ ਨਿੱਘਾ ਰੱਖਣ ਦਾ ਯਤਨ ਕਰ ਰਹੀ ਹਾਂ।" ਟਵਿੰਕਲ ਨੇ ਵਿਆਹ ਮਗਰੋਂ ਅਦਾਕਾਰੀ ਛੱਡ ਦਿੱਤੀ ਸੀ ਤੇ 2015 ਵਿੱਚ ਉਸ ਨੇ ਆਪਣੇ ਪਹਿਲੀ ਕਿਤਾਬ 'ਮਿਸਿਜ਼ ਫਨੀਬੋਨਜ਼' ਰਿਲੀਜ਼ ਕੀਤੀ ਸੀ। ਉਸ ਨੇ ਆਪਣੀ ਦੂਸਰੀ ਕਿਤਾਬ 'ਦਿ ਲੈਜੇਂਡ ਆਫ਼ ਲਕਸ਼ਮੀ ਪ੍ਰਸਾਦ' 2017 ਵਿੱਚ ਲਿਖੀ ਸੀ ਤੇ ਉਸ ਤੋਂ ਅਗਲੇ ਸਾਲ ਉਸ ਦੀ ਅਗਲੀ ਕਿਤਾਬ 'ਪਜਾਮਾਜ਼ ਆਰ ਫੋਰਗਿਵਿੰਗ' ਆਈ ਸੀ।

# ਜਾਹਨਵੀ ਦੇ ਫਿੱਟ ਲਾਈਫਸਟਾਈਲ ਨੇ ਪ੍ਰਸ਼ੰਸਕਾਂ ਨੂੰ ਕੀਤਾ ਪ੍ਰਭਾਵਿਤ

ਨਵੀਂ ਦਿੱਲੀ-'ਗੁੰਜਨ ਸਕਸੈਨਾ: ਦਿ ਕਾਰਗਿਲ



ਗਰਲ', 'ਧੜਕ' ਅਤੇ 'ਰੂਹੀ' ਵਰਗੀਆਂ ਫਿਲਮਾਂ ਰਾਹੀਂ ਦਰਸ਼ਕਾਂ ਦੇ ਦਿਲਾਂ 'ਤੇ ਆਪਣੀ ਛਾਪ ਛੱਡਣ ਵਾਲੀ ਅਦਾਕਾਰਾ ਜਾਹਨਵੀ ਕਪੂਰ ਹੁਣ ਫਿੱਟਨੈੱਸ ਦੇ ਮਾਮਲੇ ਵਿੱਚ ਵੀ ਪ੍ਰਸ਼ੰਸਕਾਂ ਲਈ ਪ੍ਰੇਰਣਾ ਸਰੋਤ ਬਣੀ ਹੋਈ ਹੈ। ਅਦਾਕਾਰੀ ਦੇ ਨਾਲ-ਨਾਲ ਅਦਾਕਾਰਾ ਦੀ ਫਿੱਟਨੈੱਸ ਅਤੇ ਆਤਮ-ਵਿਸ਼ਵਾਸ ਨਾਲ ਭਰੇ ਅੰਦਾਜ਼ ਨੇ ਸੋਸ਼ਲ ਮੀਡੀਆ 'ਤੇ ਵੱਡੀ ਗਿਣਤੀ ਪ੍ਰਸ਼ੰਸਕਾਂ ਨੂੰ ਪ੍ਰੇਰਿਤ ਕੀਤਾ ਹੈ। ਜਾਹਨਵੀ ਦਾ ਮੰਨਣਾ ਹੈ ਕਿ ਤੁਸੀਂ ਉਹੀ ਹੋ ਜੋ ਤੁਸੀਂ ਖਾਂਦੇ ਹੋ। ਜਾਹਨਵੀ ਦਾ ਕਹਿਣਾ ਹੈ, "ਇੱਕ ਪੰਜਾਬੀ ਪਰਿਵਾਰ ਤੋਂ ਹੋਣ ਕਰ ਕੇ ਮੈਂ ਬਚਪਨ ਵਿੱਚ ਬਹੁਤ ਮੋਟੀ ਸੀ। ਇਸ ਮੋਟਾਪੇ ਨੂੰ ਖਤਮ ਕਰ ਕੇ ਫਿੱਟ ਹੋਣ ਦਾ ਮੇਰਾ ਇਹ ਸਫ਼ਰ ਬਹੁਤ ਹੀ ਔਖਾ ਰਿਹਾ ਹੈ।" ਅਦਾਕਾਰਾ ਨੇ ਕਿਹਾ, "ਆਪਣੇ ਜੀਵਨ ਵਿੱਚ ਬਹੁਤ ਛੋਟੀਆਂ-ਛੋਟੀਆਂ ਤਬਦੀਲੀਆਂ ਕਰ ਕੇ ਸਹੀ ਸਿਹਤ ਪਾਈ ਜਾ ਸਕਦੀ ਹੈ। ਤੁਸੀਂ ਖਾਣ-ਪੀਣ ਦੇ ਮਾਮਲੇ ਵਿੱਚ ਪੌਸਟਿਕ ਚੀਜ਼ਾਂ ਵੱਲ ਵਧ ਸਕਦੇ ਹੋ। ਮੈਂ ਆਪਣਾ ਇਹ ਸਫ਼ਰ ਫਲ, ਸਬਜ਼ੀਆਂ ਖਾਣ ਦੀ ਆਦਤ ਪਾ ਕੇ ਸ਼ੁਰੂ ਕੀਤਾ ਸੀ।"

GAGAN NAHAL CRIMINAL LAWYER
ਗਗਨ ਨਾਹਲ ਕ੍ਰਿਮੀਨਲ ਵਕੀਲ
ਬੀ. ਸੀ, ਅਲਬਰਟਾ, ਮੈਨੀਟੋਬਾ ਅਤੇ ਓਨਟਾਰੀਓ ਦੀਆਂ ਕੋਰਟਾ ਵਿਚ ਕਈ ਕੇਸ ਜਿੱਤ ਚੁੱਕੇ ਹਨ
Successfully represented clients in BC, Alberta, Manitoba & Ontario
- Homicide
- Assault Charges
- Driving Offences
- Drug Charges
- Theft/Fraud
- Harrasment
- Sexual Assault
- Kidnaping
- Uttering Threats
- Firearm Offences

- ਹਮਲੇ ਦੇ ਕੇਸ
- ਕਤਲ ਦੇ ਕੇਸ
- ਡਰਾਈਵਿੰਗ ਦੇ ਕੇਸ
- ਡੱਰਗ ਚਾਰਜ
- ਚੋਰੀ/ਫਰਾਡ
- ਹਰਾਸਮੈਂਟ
- ਸੈਕਸ਼ੂਅਲ ਅਸਾਲਟ
- ਅਗਵਾ ਕਰਨ ਦੇ ਕੇਸ
- ਧਮਕੀਆਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ
- ਹਥਿਆਰਾਂ ਦੇ ਕੇਸ


ਅਸੀਂ ਪੰਜਾਬੀ ਤੇ ਹਿੰਦੀ ਬੋਲਦੇ ਹਾਂ



ਅੱਜ ਹੀ ਮੁਫਤ ਸਲਾਹ ਲਈ ਸੰਪਰਕ ਕਰੋ
GAGAN NAHAL
Ph: 604-527-4769
Email: gagan@gagannahal.com
Website: www.gagannahal.com
#202-6625-152A Street Surrey, BC

# ਦੱਖਣ ਦੀ ਫਿਲਮ ਦਾ ਹਿੰਦੀ ਰੀਮੇਕ ਅਕਸ਼ੇ ਕੁਮਾਰ ਦੀ ਫ਼ਿਲਮ 'ਸੈਲ.ਫੀ'

ਨਵੀਂ ਦਿੱਲੀ-ਸਾਲ 2022 ਵਿੱਚ ਅਭਿਨੇਤਾ ਅਕਸ਼ੇ ਕੁਮਾਰ ਦੀਆਂ ਲਗਪਗ ਸਾਰੀਆਂ ਫਿਲਮਾਂ ਬਾਕਸ ਆਫਿਸ 'ਤੇ ਕੁਝ ਖਾਸ ਪ੍ਰਦਰਸ਼ਨ ਕਰਨ ਵਿੱਚ ਅਸਫਲ ਰਹੀਆਂ। ਹਾਲਾਂਕਿ, ਅਭਿਨੇਤਾ ਕੋਲ ਅਜੇ ਵੀ ਕਈ ਵੱਡੀਆਂ ਫਿਲਮਾਂ ਹਨ ਜਿਨ੍ਹਾਂ ਨਾਲ ਅਕਸ਼ੈ ਇੱਕ ਵਾਰ ਫਿਰ ਜਾਦੂ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਸੂਚੀ 'ਚ ਉਹ ਫਿਲਮ ਸੈਲਫੀ ਵੀ ਸ਼ਾਮਲ ਹੈ, ਜਿਸ ਦਾ ਐਲਾਨ ਅਕਸ਼ੈ ਨੇ ਸਾਲ ਦੀ ਸ਼ੁਰੂਆਤ 'ਚ ਹੀ ਕੀਤਾ ਸੀ। ਹੁਣ ਉਨ੍ਹਾਂ ਨੇ ਇਕ ਹੋਰ ਅਪਡੇਟ ਸ਼ੇਅਰ ਕੀਤੀ ਹੈ। ਅਕਸ਼ੇ ਕੁਮਾਰ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਸੈਲਫੀ ਤੋਂ ਆਪਣੀ ਲੁੱਕ ਸ਼ੇਅਰ ਕਰਕੇ ਫਿਲਮ ਦੀ ਰਿਲੀਜ਼ ਡੇਟ ਦਾ ਖੁਲਾਸਾ ਕੀਤਾ ਹੈ। ਅਕਸ਼ੈ ਇਸ ਸਮੇਂ ਫਿਲਮ ਦੇ ਗੀਤ ਦੀ ਸ਼ੂਟਿੰਗ ਕਰ ਰਹੇ ਹਨ, ਜੋ ਜਲਦੀ ਹੀ ਰਿਲੀਜ਼ ਹੋਣ ਦੀ ਉਮੀਦ ਹੈ ਕਿਉਂਕਿ




ਅਭਿਨੇਤਾ ਨੇ ਸ਼ੂਟਿੰਗ ਸੈੱਟ ਤੋਂ ਆਪਣੀ ਤਸਵੀਰ ਸਾਂਝੀ ਕੀਤੀ ਹੈ। ਸ਼ੇਅਰ ਕੀਤੀ ਤਸਵੀਰ 'ਚ ਅਕਸ਼ੇ ਕੁਮਾਰ ਬੇਹੱਦ ਕਲਰਫੁੱਲ ਅਵਤਾਰ 'ਚ ਨਜ਼ਰ ਆ ਰਹੇ ਹਨ। ਟ੍ਰੈਕ ਪੈਂਟ ਦੇ ਨਾਲ ਕਮੀਜ਼ ਰਹਿਤ, ਅਕਸ਼ੈ ਨੇ ਉੱਪਰ ਇੱਕ ਰੰਗੀਨ ਫਰ ਜੈਕੇਟ ਪਾਈ ਹੋਈ ਹੈ ਅਤੇ ਕਾਰ ਦੇ ਉੱਪਰ ਬੈਠੇ ਨਜ਼ਰ ਆ ਰਹੇ ਹਨ। ਪੋਸਟ ਦੇ ਕੈਪਸ਼ਨ 'ਚ ਅਕਸ਼ੇ ਨੇ ਫਿਲਮ ਦੀ ਰਿਲੀਜ਼ ਡੇਟ ਦਾ ਖੁਲਾਸਾ ਕਰਦੇ ਹੋਏ ਕਿਹਾ ਕਿ ਸੈਲਫੀ ਸਾਲ 2023 'ਚ 24 ਫਰਵਰੀ ਨੂੰ ਰਿਲੀਜ਼ ਹੋ ਰਹੀ ਹੈ। ਅਕਸ਼ੈ ਕੁਮਾਰ ਅਤੇ ਇਮਰਾਨ ਹਾਸ਼ਮੀ ਸਟਾਰਰ ਫਿਲਮ ਸੈਲਫੀ ਦੱਖਣ ਦੀ ਫਿਲਮ 'ਡਰਾਈਵਿੰਗ ਲਾਇਸੈਂਸ' ਦਾ ਹਿੰਦੀ ਰੀਮੇਕ ਹੈ। ਅਸਲ ਫਿਲਮ ਵਿੱਚ ਪ੍ਰਿਥਵੀਰਾਜ ਅਤੇ ਸੂਰਜ ਵੇਂਜਾਰਾਮੂਡੂ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਏ ਸਨ। ਸੈਲਫੀ ਦਾ ਪਹਿਲਾ ਲੁੱਕ ਇਸ ਸਾਲ ਦੇ ਸ਼ੁਰੂ ਵਿੱਚ ਸਾਂਝਾ ਕੀਤਾ ਗਿਆ ਸੀ। ਫਿਲਮ ਵਿਚ ਨੁਸਰਤ ਭਰੂਚਾ ਅਤੇ ਡਾਇਨਾ ਪੇਂਟੀ ਵੀ ਮੁੱਖ ਭੂਮਿਕਾਵਾਂ ਵਿਚ ਹਨ।

MORTGAGE
5 YRS. VARIABLE – 25 YRS. INSURED 5.05%* (Prime –.90%)
5 YRS. VARIABLE – 25 YRS. INSURABLE 5.45%* (Prime –.50%)
5 YRS. VARIABLE – 30 YRS. PURCHASE 5.50%* (Prime –.45%)
*Conditions Apply. Rates subject to change without notice.
Interest Rates are Rising! To Lock or Not to Lock ask for our expert guidance?
GET CASH BACK UP TO $1,000*
Superior Mortgage
Unit 244-8138-128 Street, Surrey
604 507 1000
Our Symbol of Care & Service

JOSAN REBAR & DAMPPROOFING LTD.
• BEAM LOG • POLY
• COMPACTING
• STYROFOAM
• FOUNDATION
• DAMPPROOFING
• WINDOW WELL
• INSULATION
• REINFORCING STEEL
• POST TENSIONING & WIRE MESH
• DRIVEWAY, SIDEWALK & GARAGE
7 ਸਾਲ ਤੋਂ ਵੱਧ ਤਜ਼ਰਬਾ
- ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com

ਸ਼ੋਰ ਸਾਈਡ ਫਿਸ਼ ਕੈਨਰੀ
ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
• ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
• ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
• ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।
ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY
ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
हिंदी

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI<br>SATURDAY<br>SUNDAY | 8 AM - 8 PM<br>9 AM - 6 PM<br>9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI<br>SATURDAY<br>SUNDAY | 9 AM - 8 PM<br>9 AM - 5 PM<br>9 AM - 5 PM |

OPEN 7 DAYS

ICBC autoplan www.goldkeyinsurance.ca


fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
Unbeatable Price
ਅੰਨਬੀਟਬਲ ਪ੍ਰਾਇਸ
$4.99 ea.
EXTRA SUPER SUPER SPECIAL
YELLOW ONION
Yellow Onions 50 lbs
ਪੀਲੇ ਗੰਢੇ
$14.88 bag
Russet Potatoes Snoboy 10lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$4.98 bag
EXTRA SUPER SUPER SPECIAL
Fresh Garlic
ਤਾਜਾ ਲਸਣ
98¢ lb
SUPER SPECIAL
Desi Karela
ਦੇਸੀ ਕਰੇਲਾ
$1.49 lb
Almonds #1
ਬਦਾਮ
$3.98 lb
Green Elaichi (Cardamom)
ਹਰੀ ਇਲਾਇਚੀ
$15.97 lb
SUPER SPECIAL
Cilantro
ਧਨੀਆ
2 bunches for $1.50
SUPER SPECIAL
Roma Tomatoes
ਰੋਮਾ ਟਮਾਟਰ
$1.29 lb
Red Lentil Split (Masoor Dal)
ਧੋਤੀ ਮਸਰਾਂ ਦੀ ਦਾਲ
99¢ lb
SUPER SPECIAL
Indian Eggplants
ਦੇਸੀ ਬਤਾਊਂ
$1.29 lb
SUPER SPECIAL
Regular Large Eggplant
ਵੱਡੇ ਬਤਾਊਂ
99¢ ea.
Large Seedless Oranges
ਵੱਡੇ ਸੰਗਤਰੇ (ਬਿਨਾ ਬੀਜ ਤੋਂ)
99¢ lb
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
SUPER SPECIAL
Chickpeas, Chana Dal & Red Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ (ਇੰਡੀਕੈਂਨ)
$3.88 bag
RED ONIONS
Red Onions 25 lbs
ਲਾਲ ਗੰਢੇ
$13.99 bag
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
98¢ lb
Fresh Ginger
ਤਾਜ਼ਾ ਅਦਰਕ
$1.29 lb
Opo Squash
ਓਪੋ ਕੱਦੂ
88¢ lb
Zucchini Squash
ਜ਼ੁਕੀਨੀ ਸਕੁਐਸ਼
88¢ lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Fri Dec 16, 2022 - Wed Dec 21, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520